**ਨਵੀਂ ਦਿੱਲੀ, 31 ਮਈ (ਮਨਪ੍ਰੀਤ ਸਿੰਘ ਖਾਲਸਾ)**:- "ਮੌਜੂਦਾ ਬੀਜੇਪੀ- ਆਰ.ਐਸ.ਐਸ ਦੀ ਸੈਂਟਰ ਸਰਕਾਰ ਵੱਲੋ ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਨਾਲ ਨਿਰੰਤਰ ਬੇਇਨਸਾਫ਼ੀਆਂ ਤੇ ਜ਼ਬਰ ਹੁੰਦਾ ਆ ਰਿਹਾ ਹੈ ਜਿਸਦੀ ਪ੍ਰਤੱਖ ਉਦਾਹਰਣ ਇਹ ਹੈ ਕਿ ਜਦੋਂ ਇੰਡੀਆਂ ਦੀ ਪਾਰਲੀਮੈਂਟ, ਸੁਪਰੀਮ ਕੋਰਟ, ਹਾਈਕੋਰਟਾਂ, ਤਿੰਨੇ ਨੇਵੀ, ਆਰਮੀ, ਏਅਰਫੋਰਸ ਫ਼ੌਜਾਂ, ਸਿਵਲ, ਕਾਰਜਕਾਰਨੀ ਅਤੇ ਨਿਆਪਾਲਿਕਾਂ ਦੇ ਨਾਲ-ਨਾਲ ਮੁਲਕ ਦੀਆਂ ਸਭ ਯੂਨੀਵਰਸਿਟੀਆਂ, ਸੈਂਟਰ ਦੀ ਕੈਬਨਿਟ, ਸੂਬਿਆਂ ਦੇ ਗਵਰਨਰ, ਸੂਬਿਆਂ ਦੇ ਮੁੱਖ ਜੱਜ, ਚੋਣ ਕਮਿਸਨ ਅਤੇ ਹੋਰ ਸੈਂਟਰਲ ਕਮਿਸਨਾਂ ਉਤੇ ਹਿੰਦੂ ਬਹੁਗਿਣਤੀ ਦਾ ਪੂਰਨ ਰੂਪ ਵਿਚ ਕਬਜਾ ਹੈ ਅਤੇ ਇਨ੍ਹਾਂ ਅਹਿਮ ਸੰਸਥਾਵਾਂ ਦੇ ਮੁੱਖ ਅਹੁਦਿਆ ਉਤੇ ਹਿੰਦੂ ਬਿਰਾਜਮਾਨ ਹਨ, ਫਿਰ ਜਮਹੂਰੀਅਤ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਪ੍ਰੈਸ ਤੇ ਮੀਡੀਏ ਉਤੇ ਵੀ ਇਨ੍ਹਾਂ ਦਾ ਹੀ ਬੋਲਬਾਲਾ ਹੈ । ਹੁਣ ਜਦੋ ਸੁਪਰੀਮ ਕੋਰਟ ਦੇ ਨਵੇ 3 ਜੱਜਾਂ ਦੀ ਨਿਯੁਕਤੀ ਕੀਤੀ ਗਈ ਹੈ ਇਸ ਵਿਚ ਵੀ ਮੁਤੱਸਵੀ ਸੋਚ ਅਧੀਨ ਕਿਸੇ ਇਕ ਵੀ ਸਿੱਖ ਜੱਜ ਨੂੰ ਨਿਯੁਕਤ ਨਹੀ ਕੀਤਾ ਗਿਆ । ਜੋ ਇਨ੍ਹਾਂ ਦੀ ਨਫਰਤ ਭਰੀ ਮੰਦਭਾਵਨਾ ਨੂੰ ਪ੍ਰਤੱਖ ਕਰਦਾ ਹੈ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹੁਣੇ ਹੀ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਗਵਈ ਵੱਲੋ ਤਿੰਨ ਨਵੇ ਜੱਜਾਂ ਨੂੰ ਸੌਹ ਚੁਕਾਉਣ ਦੇ ਮੁੱਦੇ ਉਤੇ ਕਿਸੇ ਇਕ ਵੀ ਸਿੱਖ ਜੱਜ ਦੀ ਨਿਯੁਕਤੀ ਨਾ ਕਰਨ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਹੁਕਮਰਾਨਾਂ ਅਤੇ ਕਾਨੂੰਨਦਾਨਾਂ ਵੱਲੋ ਇਸ ਹੋ ਰਹੇ ਅਮਲ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ।

# ਜੂਨ 84 ਘਲੂਘਾਰੇ ਦੇ ਸ਼ਹੀਦਾਂ ਨਮਿਤ ਵੱਧ ਚੜ੍ਹ ਕੇ ਪ੍ਰੋਗਰਾਮ ਕਰਦਿਆਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਅਰਪਣ ਕੀਤੇ ਜਾਣ: ਗਿਆਨੀ ਮਾਲਕ ਸਿੰਘ



**ਨਵੀਂ ਦਿੱਲੀ, 31 ਮਈ (ਮਨਪ੍ਰੀਤ ਸਿੰਘ ਖਾਲਸਾ)**:-ਭਾਰਤੀ ਹਕੂਮਤ ਵੱਲੋਂ ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਹੋਰ 37 ਗੁਰਦੁਆਰਿਆ ਤੇ ਫੌਜੀ ਹਮਲਾ ਕਰਕੇ ਵਰਤਾਏ ਖੂਨੀ ਘੱਲੂਘਾਰੇ ਦੀ 41 ਵੇ ਵਰ੍ਹੇ ਨੂੰ ਸਮਰਪਿਤ ਦੇਸ਼ ਵਿਦੇਸ਼ ਵਿੱਚ ਰੱਖੇ ਸਮਾਗਮਾਂ , ਸੈਮੀਨਾਰਾਂ ਤੇ ਰੋਹ ਮੁਜ਼ਾਹਰਿਆਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋ ਕੇ ਜੋ ਲੋਕ ਇਸ ਘੱਲੂਘਾਰੇ ਨੂੰ ਭੁੱਲ ਗਏ ਜਾਂ ਭੁੱਲ ਜਾਣ ਦੀਆਂ ਸਲਾਹਾਂ ਦੇ ਰਹੇ ਹਨ ਉਹਨਾਂ ਲੋਕਾਂ ਦੇ ਨਾ ਪਾਕਿ ਇਰਾਦਿਆਂ ਨੂੰ ਸਿੱਖ ਕੌਮ ਨਕਾਮ ਕਰੇ। ਕੈਨੇਡਾ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਗਿਆਨੀ ਮਾਲਕ ਸਿੰਘ ਨੇ ਕਿਹਾ ਕਿ ਸਿੱਖ ਵਿਦਵਾਨ ਮਹਿਬੂਬ ਦੇ ਕਥਨ ਅਨੁਸਾਰ ਖਾਲਸਾ ਜੀਓ! ਪੰਥਕ ਅਪਮਾਨ ਕਦੇ ਨਾਂਹ ਭੁੱਲਣਾ, ਕਿਉਕਿ ਅਣਖ ਨੂੰ ਪ੍ਰਚੰਡ ਕੀਤੇ ਬਿਨਾ ਨਹੀਂ ਹੋ ਸਕਦਾ । ਦੂਜੇ ਪਾਸੇ ਸਹੀ ਅਮਲ ਤੇਜ਼ ਬੁੱਧੀ ਜ਼ਿਹਨੀ ਗੁਲਾਮੀ ਤੋ ਅਜ਼ਾਦ ਚੇਤਨਾ ਨੂੰ ਕੇਵਲ ਅਣਖ ਦੇ ਪ੍ਰਚੰਡ ਰੂਪ ਹੀ ਜਨਮ ਦਿੰਦੇ ਹਨ ਦੋਖੀਆਂ ਨੂੰ ਮੁਆਫ ਕਰਨਾ ਸਾਡਾ ਧਰਮ ਹੈ, ਪਰ ਕੇਵਲ ਉਦੋਂ ਜਦੋਂ ਉਹ ਕਿਸੇ ਕਮਾਈ ਰਾਹੀਂ ਇਸ ਦੇ ਹੱਕਦਾਰ ਨਾ ਹੋ ਜਾਣ । ਬੇ ਮਤਲਬ ਖਿਮਾ ਜਿੱਥੇ ਹਾਉਮੈ ਤੇ ਅਨੇਕਾਂ ਰੋਗਾਂ ਨੂੰ ਜਨਮ ਦਿੰਦੀ ਹੈ । ਸੋ ਬ੍ਰਮਣਵਾਦੀ ਸੋਚ ਦੀ ਧਾਰਨੀ ਹਿੰਦੁਸਤਾਨ ਦੀ ਹਕੂਮਤ ਵੱਲੋਂ ਸ਼੍ਰੀ ਦਰਬਾਰ ਸਾਹਿਬ ਤੇ ਹਮਲਾ ਤੇ ਉਸ ਤੋ ਬਾਆਦ ਸਿੱਖ ਕੌਮ ਦੀ ਧਾਰਮਿਕ, ਆਰਥਿਕ, ਰਾਜਨੀਤਿਕ, ਸਮਾਜਿਕ ਤੇ ਸੱਭਿਆਚਰਿਕ ਤੌਰਤੇ ਤੇ ਕੀਤੀ ਜਾ ਰਿਹੀ ਨਸਲਕੁਸ਼ੀ ਰਾਹੀਂ ਜੋ ਘੋਰ ਅਪਮਾਨ ਕੀਤਾ ਜਾ ਰਿਹਾ ਹੈ ਇਹ ਨਾ ਭੁਲੱਣਯੋਗ ਤੇ ਨਾ ਬਖੱਸ਼ਣਯੋਗ ਬਜੱਰਗੁਨਾਹ ਹੈ ਬੇਸ਼ੱਕ ਸਿੱਖ ਕੌਮ ਦੇ ਸਿਧਾਂਤਹੀਣ ਇੱਕ ਵੱਡੇ ਹਿੱਸੇ ਤੇ ਅਖੌਤੀ ਲੀਡਰਾਂ ਨੇ ਕੁਰਸੀ ਤੇ ਨਿੱਜੀ ਹਿੱਤਾਂ ਦੀ ਖ਼ਾਤਰ ਇਸ ਬ੍ਰਹਮਵਾਦੀ ਹਿੰਦੁਸਤਾਨ ਦੀ ਹਕੂਮਤ ਦੇ ਬੱਜਰ ਗੁਨਾਹ ਨੂੰ ਭੁੱਲਾ ਦਿੱਤਾ ਹੈ ਤੇ ਪੂਰੀ ਕੌਮ ਨੂੰ ਭੁੱਲ ਜਾਣ ਦੀਆ ਨਸੀਹਤਾਂ ਕਰ ਰਹੇ ਹਨ ਪਰ ਗੁਰੂ ਗ੍ਰੰਥ ਤੇ ਪੰਥ ਨੂੰ ਸਮਰਪਿਤ ਗੁਰੂ ਦਾ ਨਿਰਾਲਾ ਖਾਲਸਾ ਪੰਥ ਸਿੱਖ ਕੌਮ ਦੇ ਸਵੈਮਾਣ ਨਾਲ ਜੀਉਣ ਦੇ ਆਪਣੇ ਹੱਕ ਅਜ਼ਾਦ ਦੇਸ਼ ਖਾਲਿਸਤਾਨ ਲਈ ਸੰਘਰਸ਼ਸ਼ੀਲ ਹੈ । ਜੂਨ 84 ਦੇ ਤੀਜੇ ਖ਼ੂਨੀ ਘਲੂਘਾਰੇ ਨੂੰ ਗੁਰੂ ਨਾਲ ਪਿਆਰ ਕਰਨ ਵਾਲੇ 40 ਸਾਲ ਬੀਤ ਜਾਣ ਦੇ ਬਾਅਦ ਵੀ ਭੁੱਲੇ ਨਹੀਂ ਚੜ੍ਹਦੇ ਜੂਨ ਉਹ ਮੰਨੂਵਾਦੀ ਹਿੰਦਸਾਨ ਦੀ ਹਕੂਮਤ ਵੱਲੋਂ ਦਿੱਤੇ ਜ਼ਖ਼ਮਾਂ ਨੂੰ ਅੱਲੇ ਤੇ ਤਾਜ਼ੇ ਸਮਝਦਾ ਹੋਇਆ ਦੇਸ਼ ਵਿਦੇਸ਼ ਵਿੱਚ ਆਪਣੇ ਰੋਹ ਦਾ ਪ੍ਰਗਟਾਵਾਂ ਕਰਦਾ ਹੈ । ਸੋ ਆਓ ਦੇਸ਼ ਵਿਦੇਸ਼ ਅੰਦਰ ਇਸ ਸ਼ਹਾਦਤ ਭਰੇ ਹਫਤੇ ਦੇ ਕੌਮੀ ਦਰਦ ਦੇ ਪ੍ਰਤੀਕ ਘਲੂਘਾਰੇ ਨੂੰ ਪਿਆਰ ਅਤੇ ਸਤਿਕਾਰ ਨਾਲ ਮਨਾਂਦਿਆਂ ਸ਼ਹੀਦਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਂਟ ਅਰਪਣ ਕੀਤੇ ਜਾਣ।

# ਮੁਲਾਜ਼ਮਾਂ ਮੰਗਾਂ ਨੂੰ ਲੈ ਕੇ ਬਿਜਲੀ ਕਾਮਿਆਂ ਕੀਤੀ ਇਕੱਤਰਤਾ



ਫ਼ਿਰੋਜ਼ਪੁਰ, 31 ਮਈ (ਮਨੋਹਰ ਲਾਲ) :— ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਦੇ ਝੰਡੇ ਹੇਠ ਬਿਜਲੀ ਮੁਲਾਜ਼ਮਾਂ ਦੀ ਮੀਟਿੰਗ ਸਬ ਅਰਬਨ ਮੰਡਲ ਦੇ ਪ੍ਰਧਾਨ ਅਸ਼ਵਨੀ ਕੁਮਾਰ ਦੀ ਪ੍ਰਧਾਨਗੀ ਹੇਠ ਸਰਕਲ ਦਫਤਰ ਯੂਨੀਅਨ ਦੇ ਦਫਤਰ ਵਿਖੇ ਕੀਤੀ ਗਈ। ਇਸ ਮੌਕੇ ਸਬ ਅਰਬਨ ਮੰਡਲ ਫ਼ਿਰੋਜ਼ਪੁਰ ਦੇ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿਚ ਸਤੀਸ਼ ਕੁਮਾਰ ਡਵੀਜਨ ਸਕੱਤਰ, ਰੋਸ਼ਨ ਲਾਲ ਰਾਮ ਸੁੱਖ, ਸਤਪਾਲ, ਸੁਰਿੰਦਰ ਕੁਮਾਰ, ਰਜਿੰਦਰ ਕੁਮਾਰ, ਰਨਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਐਕਸੀਅਨ ਸਬ ਅਰਬਨ ਮੰਡਲ ਵੱਲੋਂ ਮੁਲਾਜ਼ਮਾਂ ਦੇ ਕੰਮਾਂ ਵਿਚ 8 ਮਈ ਨੂੰ 3 ਵਜੇ ਦਾ ਸਮਾ ਦਿੱਤਾ ਗਿਆ ਸੀ, ਪਰ ਐਕਸੀਅਨ ਮੀਟਿੰਗ ਮੁਲਤਵੀ ਕੀਤੀ ਗਈ, ਜਿਸ ਨੂੰ ਲੈ ਕੇ ਮੁਲਾਜ਼ਮਾਂ ਵਿਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਐਕਸੀਅਨ ਨੇ ਜਲਦੀ ਮੀਟਿੰਗ ਦੇ ਕੇ ਮੁਲਾਜ਼ਮਾਂ ਦੇ ਕੰਮ ਨਾ ਕੀਤੇ ਤਾਂ ਬਿਜਲੀ ਕਰਮਚਾਰੀ ਐਕਸੀਅਨ ਦੇ ਖਿਲਾਫ ਧਰਨਾ ਦੇਣ ਵਾਸਤੇ ਮਜ਼ਬੂਰ ਹੋਣਗੇ, ਜਿਸ ਦੀ ਜਿੰਮੇਵਾਰੀ ਐਕਸੀਅਨ ਸਬ ਅਰਬਨ ਮੰਡਲ ਦੀ ਹੋਵੇਗੀ। ਆਗੂਆਂ ਨੇ ਦੱਸਿਆ ਕਿ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਵੱਲੋਂ ਆਏ ਪ੍ਰੋਗਰਾਮ ਬਾਰੇ ਦੱਸਿਆ ਕਿ ਇਕ ਜੂਨ ਤੋਂ 15 ਜੂਨ ਤੱਕ ਬਿਜਲੀ ਮੁਲਾਜ਼ਮ ਵਰਕ ਟੂ ਰੂਲ ਮੁਤਾਬਿਕ ਡਿਊਟੀ ਕਰਨਗੇ। ਉਨ੍ਹਾਂ ਕਿਹਾ ਕਿ 4 ਜੂਨ ਨੂੰ ਸਬ ਡਵੀਜਨ ਪੱਧਰ ਤੇ ਅਤੇ ਡਵੀਜਨ ਪੱਧਰ ਤੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਅਤੇ 10 ਤੋਂ 13 ਜੂਨ ਤੱਕ ਸਰਕਲਾਂ ਦੀਆਂ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ, ਜਿਸ ਉਪਰੰਤ 15 ਜੂਨ ਨੂੰ ਲੁਧਿਆਣਾ ਵਿਖੇ ਰੋਸ ਰੈਲੀ ਕੀਤੀ ਜਾਵੇਗੀ, ਜਿਸ ਵਿਚ ਮੁਲਾਜ਼ਮਾਂ ਦੀਆਂ 65 ਮੰਗਾਂ ਵਾਲਾ ਮੰਗ ਪੱਤਰ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਦਿੱਤਾ ਜਾਵੇਗਾ।

**"ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਪ੍ਰੋਗਰਾਮ ਆਯੋਜਿਤ**

# ਨਸ਼ੇ ਵੇਚ ਕੇ ਲੋਕਾਂ ਦੇ ਘਰ ਉਜਾੜਨ ਵਾਲਿਆਂ ਦੇ ਘਰ ਢਹਿਢੇਰੀ ਕੀਤੇ ਜਾ ਰਹੇ- ਪ੍ਰੋ. ਬਲਜਿੰਦਰ ਕੌਰ




**ਤਲਵੰਡੀ ਸਾਬੋ, 31 ਮਈ (ਗੁਰਜੰਟ ਸਿੰਘ ਨਥੇਹਾ)**- ਪੰਜਾਬ ਸਰਕਾਰ ਵਲੋਂ ਸੂਬੇ ਨੂੰ ਨਸ਼ਾਮੁਕਤ ਕਰਨ ਲਈ ਚਲਾਈ ਗਈ "ਯੁੱਧ ਨਸ਼ਿਆਂ ਵਿਰੁੱਧ "ਮੁਹਿੰਮ ਤਹਿਤ ਬੀਤੀ ਸ਼ਾਮ ਹਲਕਾ ਵਿਧਾਇਕਾ, ਕੈਬਨਿਟ ਰੈਂਕ ਪ੍ਰੋ. ਬਲਜਿੰਦਰ ਕੌਰ ਵੱਲੋਂ ਸਥਾਨਕ ਸ਼ਾਂਤੀ ਹਾਲ ਅਤੇ ਐਸ.ਐਸ.ਡੀ.ਧਰਮਸ਼ਾਲਾ ਵਿਖੇ ਸਮਾਗਮ ਆਯੋਜਿਤ ਕੀਤੇ ਗਏ। ਸਮਾਗਮਾਂ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਬਲਜਿੰਦਰ ਕੌਰ ਨੇ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾਮੁਕਤ ਕਰਨ ਲਈ ਸਖਤ ਕਦਮ ਚੁੱਕੇ ਗਏ ਹਨ। ਜਿਸ ਤਰਾਂ ਸਰਕਾਰ ਨਸ਼ਿਆਂ ਵਿਰੁੱਧ ਸਖਤੀ ਨਾਲ ਕੰਮ ਕਰ ਰਹੀ ਹੈ ਅਤੇ ਮੁਹਿੰਮ ਚਲਾ ਕੇ ਨਸ਼ਿਆਂ ਵਿਰੁੱਧ ਪੂਰੇ ਪੰਜਾਬ ਅੰਦਰ ਪਿੰਡ ਪਿੰਡ ਸ਼ਹਿਰ ਸ਼ਹਿਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਪੁਲਿਸ ਦਾ ਸਹਿਯੋਗ ਦੇਣ ਲਈ ਬੇਨਤੀ ਕੀਤੀ ਜਾ ਰਹੀ ਹੈ। ਠੀਕ ਇਸੇ ਤਰਾਂ ਲੋਕਾਂ ਨੂੰ ਵੀ ਅੱਜ ਆਪਣੀ ਜ਼ੁੰਮੇਵਾਰੀ ਨਾਲ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਘਰ ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਕਿ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕੇ। ਇਸ ਮੌਕੇ ਵਿਧਾਇਕ ਨੇ ਸ਼ਹਿਰ ਦੇ ਸੀਵਰੇਜ ਲਈ 24 ਕਰੋੜ ਅਤੇ ਜਲਘਰ ਦੀ ਮੁਰੰਮਤ ਲਈ ਸਾਢੇ 9.5 ਕਰੋੜ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ। ਪ੍ਰੋ. ਬਲਜਿੰਦਰ ਕੌਰ ਤੋਂ ਇਲਾਵਾ ਗੁਰਪ੍ਰੀਤ ਕੌਰ ਸਿੱਧੂ ਚੇਅਰਪਰਸਨ ਮਾਰਕੀਟ ਕਮੇਟੀ ਰਾਮਾਂ ਡੀ.ਐਸ.ਪੀ ਰਾਜੇਸ਼ ਸਨੇਹੀ ਤਲਵੰਡੀ ਸਾਬੋ ਨੇ ਆਪਣੇ ਸੰਬੋਧਨ ਵਿਚ ਲੋਕਾਂ ਨੂੰ ਨਸ਼ਾ ਤਸਕਰਾਂ ਦੀ ਜਾਣਕਾਰੀ ਦੇਣ ਲਈ ਬੇਨਤੀ ਕੀਤੀ। ਉਹਨਾਂ ਕਿਹਾ ਕਿ ਲੋਕ ਪੁਲਿਸ ਦਾ ਸਾਥ ਦੇਣ ਦਾ ਪ੍ਰਣ ਲੈਣ ਤਾਂ ਚੰਦ ਦਿਨਾਂ ਵਿਚ ਹੀ ਨਸ਼ਿਆਂ ਦਾ ਨਾਮ ਮਿਟ ਜਾਏਗਾ। ਇਸ ਮੌਕੇ ਭੈਣ ਗੁਰਪ੍ਰੀਤ ਕੌਰ ਸਿੱਧੂ ਚੇਅਰਪਰਸਨ ਮਾਰਕੀਟ ਕਮੇਟੀ ਰਾਮਾਂ, ਭੋਲਾ ਸਿੰਘ ਬੀਬੀ ਵਾਲਾ ਚੇਅਰਮੈਨ ਪੁਲਿਸ ਸਾਂਝ ਕੇਂਦਰ ਰਾਮਾਂ, ਲਵੇਲ ਸਿੰਘ ਸਿੱਧੂ ਪ੍ਰਧਾਨ ਨਗਰ ਕੌਂਸਲ, ਪ੍ਰਵੀਨ ਕੁਮਾਰ ਪੱਕਾ ਐਮ.ਸੀ, ਵਰਿੰਦਰ ਮੰਟਾ, ਜੈਪਾਲ ਬਖਤੂ, ਨਰੇਸ਼ ਕੁਮਾਰ ਠੁਣੀਆ, ਬੰਟੀ ਗਰਗ, ਰਾਜੀਵ ਬਾਂਸਲ ਪ੍ਰਧਾਨ ਕੈਮਿਸਟ ਐਸੋਸੀਏਸ਼ਨ, ਰੁਪਿੰਦਰ ਗੁਪਤਾ ਜ਼ਿਲ੍ਹਾ ਜਨਰਲ ਸਕੱਤਰ, ਆਸ਼ੂ ਲਹਿਰੀ ਕੈਸ਼ੀਅਰ, ਅੰਕੁਸ਼ ਲਹਿਰੀ, ਸੁਭਾਸ਼ ਬਾਂਸਲ ਗਿਆਨਾ, ਇਜ.ਮਨਦੀਪ ਗੋਇਲ, ਰਾਮਾਂ ਸਹਾਰਾ ਵੈਲਫੇਅਰ ਕਲੱਬ ਦੇ ਚੇਅਰਮੈਨ ਮਹੇਸ਼ ਬਿੰਦਲ, ਪ੍ਰਧਾਨ ਐਡਵੋਕੇਟ ਸੁਰੇਸ਼ ਕਾਂਸਲ, ਸਕੱਤਰ ਐਡਵੋਕੇਟ ਵਿਕਰਾਂਤ ਗੋਇਲ, ਸੁਰੇਸ਼ ਜੱਗਾ ਕੈਸ਼ੀਅਰ, ਗੁਰਪਿੰਦਰ ਸਹਾਰਣ, ਲਖਵਿੰਦਰ ਸਿੰਘ, ਬਲਜਿੰਦਰ ਸਿੰਘ ਨੰਬਰਦਾਰ , ਸਰਬਜੀਤ ਸਿੰਘ ਕਮਾਲੂ ਯੂਥ ਮੈਂਬਰ ਹਲਕਾ ਕਮੇਟੀ ਆਪ, ਗੁਰਲਾਲ ਸਿੰਘ ਕਮਾਲੂ, ਗੁਰਪ੍ਰੀਤ ਸਿੰਘ ਕਮਾਲੂ ਸਮੇਤ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।

**ਸ਼ਹਿਰ ਦੇ ਵਿਕਾਸ ਲਈ 34 ਕਰੋੜ 50 ਲੱਖ ਰੁਪਏ ਗ੍ਰਾਂਟ ਦੇਣ ਦਾ ਕੀਤਾ ਐਲਾਨ**

**ਜਿਥੇ ਬਜ਼ੁਰਗਾਂ ਦਾ ਹੈਡ, ਨੌਜਵਾਨਾਂ ਦਾ ਬਾਜੂ, ਬੱਚਿਆਂ ਦੇ ਪੈਰ ਦਾ ਆਪਸੀ ਤਾਲਮੇਲ ਹੈ**

# ਉਥੇ ਹੀ ਪਿਆਰ ਹੈ ਤੇ ਐਬਾਂ ਦਾ ਤਰਸਕਾਰ : ਪੀ.ਸੀ. ਕੁਮਾਰ

**ਫ਼ਿਰੋਜ਼ਪੁਰ, 31 ਮਈ (ਮਨੋਹਰ ਲਾਲ)** :— ਘਰ ਉਹ ਸਥਾਨ ਹੈ ਜਿਥੇ ਤਨ—ਮਨ ਨੂੰ ਖੁਸ਼ੀ ਮਿਲਦੀ ਹੈ, ਪਰ ਇਹ ਵੀ ਵਿਚਾਰ ਕਰਨ ਵਾਲੀ ਗੱਲ ਹੈ ਕਿ ਜ਼ੋ ਘਰ ਉਹ ਥਾਂ ਬਣ ਜਾਵੇ ਜਿਥੇ ਜਾਣ ਨੂੰ ਜੀ ਨਾ ਕਰੇ ਤਾਂ ਇੰਝ ਲੱਗਦਾ ਹੈ ਜਿਵੇਂ ਭਜਨ ਕਰਨ ਦੀ ਤਲਾਸ਼ ਹੋਵੇ। ਇਹ ਜ਼ਰੂਰੀ ਨਹੀਂ ਕਿ ਮਾੜੀਆਂ ਵਾਲੀ ਸ਼ਾਨ, ਕਾਰਾਂ, ਕੋਠੀਆਂ ਵਾਲੇ ਹੀ ਘਰ ਹੁੰਦੇ ਹਨ, ਫੁੱਟਪਾਥ, ਝੁਗੀਆਂ, ਝੋਪੜੀਆਂ ਜਾਂ ਚਲਦੇ—ਫਿਰਦੇ ਲੋਕਾਂ ਦੇ ਵੀ ਘਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਹਰ ਜੀਵ ਚਾਹੇ ਪਸ਼ੂ, ਪੰਛੀ ਹੋਣ, ਰਾਤ ਨੂੰ ਆਪਣੇ ਆਲਣੇ ਵੱਲ ਪਰਤਣਾ ਪਸੰਦ ਕਰਦੇ ਹਨ, ਭਾਵੇਂ ਉਹ ਦਰੱਖਤਾਂ ਉੱਤੇ ਕੱਖਾਂ ਦੇ ਹੋਣ ਜਾਂ ਸੜਕਾਂ ਉੱਤੇ ਲੇਟੇ ਹੋਣ। ਉਨ੍ਹਾਂ ਨੂੰ ਜ਼ੋ ਸੁੱਖ ਉਥੇ ਮਿਲਦਾ ਹੈ, ਉਹ ਹੋਰ ਕਿਤੇ ਨਹੀਂ ਮਿਲਦਾ। ਜ਼ੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ। ਰੋਟੀ ਭਾਵੇਂ ਅੱਧੀ ਵੇਲੇ ਹੋਵੇ, ਪਰ ਘਰ ਦੀ ਹੋਵੇ ਤਾਂ ਉਹ ਵੀ ਘਿਉ ਵਰਗੀ ਲੱਗਦੀ ਹੈ, ਇਹ ਘਰ ਹੀ ਉਹ ਥਾਂ ਹੁੰਦਾ ਹੈ ਜਿਥੇ ਸਰੀਰਕ, ਮਾਨਸਿਕ ਤੇ ਸਮਾਜਿਕ ਸੰਤੁਸ਼ਟੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਜਿਥੇ ਪਿਆਰ ਹੈ, ਉਥੇ ਹੀ ਘਰ ਹੈ, ਸਾਰੀ ਦਿਹਾੜੀ ਦੀ ਥਕਾਵਟ, ਤਕਲੀਫਾਂ, ਘਬਰਾਹਟ, ਇਹ ਸਾਰੀ ਘਰ ਵਿਚ ਹੀ ਦੂਰ ਹੁੰਦੀਆਂ ਹਨ। ਜਦੋਂ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਹੋ ਕੇ ਭੋਜਨ ਕਰਦੇ ਹਨ, ਭਾਵੇਂ ਉਹ ਰੋਟੀ ਹੋਵੇ ਜਾਂ ਚਾਹ, ਉਹ ਘਰ ਦੀ ਗ੍ਰਹਿਣੀ (ਪਤਨੀ, ਭੈਣ, ਮਾਤਾ) ਦੁਆਰਾ ਪਿਆਰ ਨਾਲ ਤਿਆਰ ਕੀਤੀ ਹੋਵੇ ਤਾਂ ਉਹ ਇਕ ਲੰਗਰ ਦੇ ਰੂਪ ਵਾਂਗ ਲੱਗਦੀ ਹੈ। ਉਨ੍ਹਾਂ ਕਿਹਾ ਕਿ ਇਹ ਘਰ ਦਾ ਪਿਆਰ ਹੀ ਉਹ ਟੋਨਿਕ ਹੈ ਜ਼ੋ ਸਾਡੀ ਸਰੀਰਕ, ਮਾਨਸਿਕ ਤੇ ਸਮਾਜਿਕ ਬਿਮਾਰੀਆਂ ਤੋਂ ਬਚਾਅ ਕਰਦਾ ਹੈ। ਅੱਜ ਕੱਲ ਦੇ ਸਮੇਂ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਘਰਾਂ ਵਿਚ ਪਿਆਰ, ਤਾਲਮੇਲ ਤੇ ਸਮਝ ਘੱਟ ਰਹਿ ਗਈ ਹੈ, ਬੱਚਿਆਂ ਤੇ ਨੌਜਵਾਨਾਂ ਲਈ ਹੋਟਲਾਂ, ਕਲੱਬਾਂ ਆਦਿ ਆਕਰਸ਼ਣ ਦਾ ਕੇਂਦਰ ਬਣ ਗਏ ਹਨ, ਜਿਥੇ ਪੈਸੇ ਦੀ ਬਰਬਾਦੀ, ਨੈਤਿਕਤਾ ਦਾ ਪਤਨ, ਨਸ਼ਿਆਂ ਦਾ ਰੁਝਾਨ ਤੇ ਵਿਸ਼ਿਅਵਾਦ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਘਰ ਸਾਂਝ, ਪਿਆਰ ਤੇ ਮਰਿਆਦਾ ਦੀ ਥਾਂ ਨਹੀਂ ਰਹੇ। ਥਾਣੇ, ਕਚਹਿਰੀਆਂ ਝਗੜੇ ਇਹ ਸਾਰਾ ਘਰ ਦੇ ਪਿਆਰ ਦੀ ਕਮੀ ਕਾਰਨ ਹੋ ਰਿਹਾ ਹੈ। ਅੱਜ ਦੇ ਸਮਾਜ ਵਿਚ ਅਸ਼ਲੀਲਤਾ, ਇਨਸਾਨੀਅਤ ਤੋਂ ਗਿਰੇ ਕੰਮ, ਪਰੰਪਰਾਵਾਂ ਦਾ ਵਿਨਾਸ਼ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਨਾਨੀ, ਦਾਦੀ, ਚਾਚੀ, ਪੈਨ, ਭੂਆ ਵਰਗੇ ਰਿਸ਼ਤੇ ਇਕ ਸਿਨੇਮਾ ਘਰ ਜਾਂ ਚੈਨਲਾਂ ਦੀਆਂ ਕਹਾਣੀਆਂ ਬਣ ਕੇ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਬੱਚੇ ਘਰ ਦੀ ਸੰਸਕ੍ਰਿਤੀ ਦੀ ਥਾਂ ਬਾਹਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਹਨ, ਮੋਬਾਇਲ, ਟੀ.ਵੀ, ਆਨਲਾਈਨ ਚੈਨਲਾਂ ਦੇ ਜਰੀਏ ਜ਼ੋ ਅਸ਼ਲੀਲਤਾ ਆ ਰਹੀ ਹੈ, ਉਸ ਨੇ ਪਰਿਵਾਰਕ ਸਾਂਝ ਤੇ ਇਨਸਾਨੀ ਰਿਸ਼ਤੇ ਵੀ ਖਤਰੇ ਵਿਚ ਪਾ ਦਿੱਤੇ ਹਨ। ਖ਼ੂਨ ਦੇ ਰਿਸ਼ਤੇ ਵੀ ਅੱਜ ਥਲ ਪਾ ਰਹੇ ਹਨ। ਇਸ ਤਰ੍ਹਾਂ ਦੀ ਗਿਰਾਵਟ ਦਾ ਇਕੋ ਹੱਲ ਇਹ ਹੈ ਕਿ ਅਸੀਂ ਆਪਣੇ ਘਰ ਵਿਚ ਵਿਰਸੇ ਨੂੰ ਮੁੜ ਜਿਵਾਈਏ, ਸਾਡੀ ਸੰਸਕ੍ਰਿਤੀ, ਪਿਛੋਕੜ ਤੇ ਪਰੰਪਰਾ ਨੂੰ ਪਛਾਣ ਕੇ ਆਪਣੇ ਘਰਾਂ ਵਿਚ ਉਹ ਮਾਹੌਲ ਬਣਾਈਏ ਜ਼ੋ ਸਾਡੀ ਆਉਣ ਵਾਲੀ ਪੀੜੀ ਨੂੰ ਅਸਲ ਮਾਨਵਿਕਤਾ, ਪਿਆਰ ਤੇ ਸੰਜੋਗ ਦੀ ਸਿੱਖਿਆ ਦੇ ਸਕੇ। ਆਪਣੇ ਘਰਾਂ ਨੂੰ ਫਿਰ ਤੋੜਾਂ ਤੋਂ ਨਹੀਂ ਬਲਕਿ ਤਰ੍ਹਾਂ—ਤਰ੍ਹਾਂ ਦੀਆਂ ਪੀੜ੍ਹੀਆਂ ਨੂੰ ਜ਼ੋੜਨ ਵਾਲੇ ਕੇਂਦਰ ਬਣਾਈਏ।



# ਕੌਮੀ ਦਰਦ ਦੇ ਪ੍ਰਤੀਕ ਜੂਨ 84 ਘਲੂਘਾਰੇ ਨਮਿਤ ਸਮਾਗਮ 6 ਜੂਨ ਨੂੰ ਗੁਰਦੁਆਰਾ ਬੰਗਲਾ ਸਾਹਿਬ ਸਰੋਵਰ ਕੰਡੇ ਉਪਰ: ਅਖੰਡ ਕੀਰਤਨੀ ਜੱਥਾ (ਦਿੱਲੀ)




**ਨਵੀਂ ਦਿੱਲੀ, 31 ਮਈ (ਮਨਪ੍ਰੀਤ ਸਿੰਘ ਖਾਲਸਾ)**:- 6 ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦਾ 41ਵਾਂ ਸ਼ਹੀਦੀ ਦਿਹਾੜਾ ਅਖੰਡ ਕੀਰਤਨੀ ਜੱਥਾ (ਦਿੱਲੀ) ਵਲੋਂ ਗੁਰਦੁਆਰਾ ਬੰਗਲਾ ਸਾਹਿਬ ਦੇ ਸਰੋਵਰ ਕੰਡੇ ਤੇ 6 ਜੂਨ ਦੀ ਰਾਤ 10.30 ਵਜੇ ਤੋਂ 7 ਜੂਨ ਅੰਮ੍ਰਿਤਵੇਲੇ ਤਕ ਬੜੀ ਸ਼ਰਧਾ ਭਾਵਨਾ ਅਤੇ ਚੜ੍ਹਦੀਕਲਾ ਨਾਲ ਮਨਾਇਆ ਜਾ ਰਿਹਾ ਹੈ ।ਉਨ੍ਹਾਂ ਦਸਿਆ ਇਸ ਮੌਕੇ ਕੀਰਤਨੀ ਅਖਾੜੇ ਦੇ ਨਾਲ ਨਿਤਨੇਮ ਉਪਰੰਤ ਗੁਰੂ ਕਾ ਲੰਗਰ ਵਰਤਾਇਆ ਜਾਏਗਾ । ਇਸ ਬਾਰੇ ਜਾਣਕਾਰੀ ਦੇਂਦਿਆ ਜੱਥੇ ਦੇ ਮੁੱਖ ਸੇਵਾਦਾਰ ਭਾਈ ਅਰਵਿੰਦਰ ਸਿੰਘ ਰਾਜਾ, ਭਾਈ ਹਰਜਿੰਦਰ ਸਿੰਘ ਅਤੇ ਭਾਈ ਅਰੁਣਪਾਲ ਸਿੰਘ ਦੇ ਦਸਿਆ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਅਪਣੇ ਸਾਥੀ ਸਿੰਘਾਂ ਸਮੇਤ ਪਾਵਨ ਗੁਰਧਾਮਾਂ ਦੀ ਰਾਖੀ ਕਰਦਿਆਂ ਸ਼ਹੀਦੀ ਦੇ ਦਿਤੀ ਇਸ ਲਈ ਘੱਲੂਘਾਰੇ ਦਿਵਸ ਨੂੰ ਸਮੁੱਚੀ ਸਿੱਖ ਕੌਮ ਕੌਮੀ ਦਰਦ ਵਜੋਂ ਮਨਾਉਂਦੀ ਹੈ ਅਤੇ ਜੂਨ 1984 ਦਾ ਘੱਲੂਘਾਰਾ ਸਿੱਖਾਂ ਦੇ ਕੌਮੀ ਦਰਦ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਦੀਆਂ ਫ਼ੌਜਾਂ ਅਪਣੇ ਦੇਸ਼ ਦੇ ਬਾਸ਼ਿੰਦਿਆਂ ਦੇ ਪਾਵਨ ਧਰਮ ਅਸਥਾਨਾਂ 'ਤੇ ਫ਼ੌਜੀ ਹਮਲੇ ਨਹੀਂ ਕਰਵਾਉਂਦੀਆਂ ਸਗੋਂ ਉਨ੍ਹਾਂ ਦੀ ਪਾਵਨ ਪਵਿੱਤਰਤਾ ਲਈ ਰਾਖੀ ਕਰਦੀਆਂ ਹਨ। ਪਰ ਹਿੰਦੁਸਤਾਨ ਦੀ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਉਪਰ ਹਮਲਾ ਕਰ ਕੇ ਭਾਰਤ ਦੀ ਆਜ਼ਾਦੀ ਵਿਚ ਵੱਡਾ ਯੋਗਦਾਨ ਪਾਉਣ ਵਾਲੀ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਹਨ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕੀਰਤਨੀ ਸਮਾਗਮ ਤੇ ਸਮੇਂ ਸਿਰ ਦਰਸ਼ਨ ਦੇਕੇ ਪੰਥ ਦੀ ਆਨ ਬਾਨ ਲਈ ਸ਼ਹੀਦ ਹੋਏ ਸਿੰਘ ਸਿੰਘਣੀਆਂ ਭੁਜੰਗੀਆਂ ਅਤੇ ਬਜ਼ੁਰਗਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਅਰਪਣ ਕਰਣ ਲਈ ਵਡੀ ਗਿਣਤੀ ਵਿਚ ਹਾਜ਼ਿਰੀ ਭਰਣ ਦੀ ਕਿਰਪਾਲਤਾ ਕਰਣੀ ਜੀ ।

## 6 ਜੂਨ ਨੂੰ 41ਵੇਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦਮਦਮੀ ਟਕਸਾਲ ਮਹਿਤਾ ਪਹੁੰਚਣ ਲਈ ਸੰਗਤਾਂ ਵਿਚ ਭਾਰੀ ਉਤਸ਼ਾਹ—ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ

**ਫ਼ਿਰੋਜ਼ਪੁਰ, 31 ਮਈ (ਮਨੋਹਰ ਲਾਲ)**:— 6 ਜੂਨ ਨੂੰ 41ਵੇਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦਮਦਮੀ ਟਕਸਾਲ ਮਹਿਤਾ ਪਹੁੰਚਣ ਲਈ ਸੰਗਤਾਂ ਵਿਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਜੀ ਦੀ ਸੁਚੱਜੀ ਅਗਵਾਈ ਵਿਚ 41ਵੇਂ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਸਾਕ ਨੇ ਅੱਗੇ ਦੱਸਿਆ ਕਿ ਇਸ ਸਬੰਧ ਵਿਚ ਸੰਗਤਾਂ ਵਿਚ 6 ਜੂਨ ਨੂੰ ਪਹੁੰਚਣ ਦੀ ਖੁਸ਼ੀ ਪਾਈ ਜਾ ਰਹੀ ਹੈ ਅਤੇ ਸੰਗਤਾਂ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ ਅਤੇ ਸਮੂਹ ਦੇਸ਼—ਵਿਦੇਸ਼ ਤੋਂ ਪਹੁੰਚ ਰਹੀਆਂ ਹਨ ਅਤੇ ਇਸ ਸਬੰਧ ਵਿਚ 13 ਬੱਸਾਂ ਝੋਕ ਮੋਹੜੇ ਦਮਦਮੀ ਟਕਸਾਲ ਫ਼ਿਰੋਜ਼ਪੁਰ ਤੋਂ ਇਲਾਵਾ ਆਰਿਫਕੇ, ਮੱਲਾਂਵਾਲਾ, ਜਲਾਲਾਬਾਦ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚ ਰਹੀਆਂ ਹਨ। ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਨੇ ਸਮੂਹ ਪੰਜਾਬ ਵਾਸੀਆਂ ਅਤੇ ਦੇਸ਼—ਵਿਦੇਸ਼ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀਆਂ ਵਿਚ ਪਹੁੰਚ ਕੇ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ।




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੰਦੇਸ਼ ਜਾਰੀ ਕਰਨ 'ਤੇ ਗਿ. ਗੜਗੱਜ ਦਾ ਹੋਵੇਗਾ ਵਿਰੋਧ



## ☛ ਤਖਤਾਂ ਦੀ ਆਨ-ਬਾਨ-ਸ਼ਾਨ ਦੀ ਬਹਾਲੀ ਲਈ ਪੰਜਾਬ ਭਰ ਤੋਂ ਸਿੱਖ ਸੰਗਤਾਂ ਹੁੰਮ-ਹੁੰਮਾ ਕੇ ਸ੍ਰੀ ਅਕਾਲ ਤਖਤ ਸਾਹਿਬ ਪੁੱਜਣ - ਸੰਤ ਗਿਆਨੀ ਹਰਨਾਮ ਸਿੰਘ ਖਾਲਸਾ

**ਚੌਕ ਮਹਿਤਾ, 31 ਮਈ, ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਅੱਜ ਇੱਥੇ ਇੱਕ ਪ੍ਰੈੱਸ ਕਾਨਫਰੰਸ ਕਰਦੇ ਹੋਏ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 6 ਜੂਨ ਨੂੰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਕੌਮ ਦੇ ਨਾਮ ਕੋਈ ਸੰਦੇਸ਼ ਜਾਰੀ ਨਾ ਕਰਨ ਦਿੱਤਾ ਜਾਵੇ,ਕਿਉਂਕਿ ਉਨ੍ਹਾਂ ਦੀ ਨਿਯੁਕਤੀ ਗੁਰ ਮਰਿਯਾਦਾ ਅਨਸਾਰ ਨਹੀਂ ਹੋਈ ਤੇ ਨਾ ਹੀ ਉਹ ਕੌਮ ਨੂੰ ਪ੍ਰਵਾਨਿਤ ਜਥੇਦਾਰ ਹਨ ।ਉਨ੍ਹਾਂ ਕਿਹਾ ਕਿ

ਤੀਸਰੇ ਘੱਲੂਘਾਰੇ ਦੇ ਚੱਲਦਿਆਂ ਸ੍ਰੌਮਣੀ ਕਮੇਟੀ ਦੇ ਪ੍ਰਬੰਧਾਂ ਹੇਠ 6 ਜੂਨ ਨੂੰ ਕਰਾਏ ਜਾਂਦੇ ਸ਼ਹੀਦੀ ਸਮਾਗਮ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਤੀਸਰੇ ਘਲੂੱਘਾਰੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕੌਮ ਦੇ ਨਾਮ

ਆਵਾਜ਼ਿ ਕੌਮ AWAZE QAUM International Newspaper & WEB TV

ਜਾਰੀ ਕਰਦੇ ਹਨ ।ਪਰ ਇਸ ਵਾਰ ਕੌਮ ਵੱਲੋਂ ਅਪ੍ਰਵਾਨਿਤ ਜਥੇਦਾਰ ਗਿ.ਕੁਲਦੀਪ ਸਿੰਘ ਗੜਗੱਜ ਦਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੰਦੇਸ਼ ਜਾਰੀ ਕਰਨ ਕੌਮ ਨੂੰ ਪ੍ਰਵਾਨ ਨਹੀਂ ਹੈ ਤੇ ਦਮਦਮੀ ਟਕਸਾਲ ਸਮੇਤ ਸਮੁੱਚਾ ਸੰਤ ਸਮਾਜ,ਸਿੱਖ ਸੰਪਰਦਾਵਾਂ ਤੇ ,ਸਿੱਖ ਫੈੱਡਰੇਸ਼ਨਾਂ ,ਨਿਹੰਗ ਸਿੰਘ ਜਥੇਬੰਦੀਆਂ ਤੇ ਸਮੁੱਚਾ ਸਿੱਖ ਪੰਥ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ।

ਦਮਦਮੀ ਟਕਸਾਲ ਮੁਖੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇਂ ਨਵੀਆਂ ਨਿਯੁਕਤੀਆਂ ਕੀਤੇ ਜਾਣ ਦੌਰਾਨ ਸਿਆਸੀ ਦਖਲ ਦੇ ਚਲਦਿਆਂ ਮਰਿਆਦਾ ਦੀ ਘੋਰ ਉਲੰਘਣਾ ਕੀਤੀ ਤੇ ਤਖਤ ਸ਼੍ਰੀ ਕੇਸਗੜ ਸਾਹਿਬ ਰਾਤ ਵਿਖੇ ਰਾਤ ਢਾਈ ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਚਲਦੇ ਪ੍ਰਵਾਹ ਦੌਰਾਨ ਹੀ ਅਰਦਾਸ ਕਰਦੇ ਹੋਏ ਸਤਿਗੁਰੂ ਜੀ ਦੇ ਪ੍ਰਕਾਸ਼ ਤੋਂ ਬਿਨ੍ਹਾਂ ਹੀ ਸਿਰੋਪਾ ਦੇ ਕੇ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਦਾ ਐਲਾਨ ਕੀਤਾ ,ਜਿਸ ਨਾਲ ਕੌਮ ਦੇ ਉੱਤੇ ਵੱਡਾ ਸੰਕਟ ਪੈਦਾ ਹੋਇਆ ਹੈ ।ਸਿੱਖ ਕੌਮ ਦੇ ਸੁਪਰੀਮੋ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਇਹ ਨਿਯੂਕਤੀ ਸ਼੍ਰੋਮਣੀ ਕਮੇਟੀ ਦੇ ਰਹਿਤ ਮਰਿਆਦਾ ਦੇ ਖਰੜੇ ਤੋਂ ਬਿਲਕੁਲੱ ਉਲੱਟ ਹੈ, ਜਿਸ ਨਾਲ ਪੰਥ ਦੀਆਂ ਵੱਡੀਆਂ ਪਰੰਪਰਾਵਾਂ ਨੂੰ ਬਹੁਤ ਵੱਡੀ ਸੱਟ ਵੱਜੀ ਹੈ ।ਇਸ ਲਈ ਕੌਮ ਅੰਦਰ ਇਸ ਗੱਲ ਦਾ ਬਹੁਤ ਵੱਡਾ ਰੋਸ ਹੈ ਤੇ ਸਮੁੱਚਾ ਪੰਥ ਇਸ ਤਰ੍ਹਾਂ ਦੀਆਂ ਨਿਯੁਕਤੀਆਂ ਨੂੰ ਕਦੇ ਵੀ ਪ੍ਰਵਾਨ ਨਹੀਂ ਕਰੇਗਾ ।ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ 6 ਜੂਨ ਨੂੰ ਗਿਆਨੀ ਕੁਲਦੀਪ ਸਿੰਘ ਗੜਗਜ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੰਦੇਸ਼ ਜਾਰੀ ਕਰਨ ਤੋਂ ਰੋਕਿਆ ਜਾਵੇ ਨਹੀਂ ਤਾਂ ਇਸ ਦੇ ਵਿਰੋਧ ਕੀਤੇ ਜਾਣ ਦੌਰਾਨ ਅਗਰ ਕਿਸੇ ਤਰ੍ਹਾਂ ਦਾ ਕੋਈ ਟਕਰਾ ਪੈਦਾ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਸਿੱਧੇ-ਅਸਿੱਧੇ ਤੌਰ ਤੇ ਸ੍ਰੌਮਣੀ ਕਮੇਟੀ ਤੇ ਪੰਜਾਬ ਸਰਕਾਰ ਦੀ ਹੋਵੇਗੀ ।ਪਰ ਕੌਮ ਅੰਦਰ ਟਕਰਾ ਦੇ ਹਾਲਾਤ ਨਾ ਪੈਦਾ ਹੋਣ ਇਸ ਲਈ ਸ੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਸਮਝਦਾਰੀ ਨਾਲ ਨਿਭਾਵੇ ।ਇਸ ਮੌਕੇ ਭਾਈ ਅਮਰਬੀਰ ਸਿੰਘ ਢੋਟ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ,ਜਥੇ,ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ,ਪ੍ਰਿੰ. ਹਰਸ਼ਦੀਪ ਸਿੰਘ ਤੇ ਡਾ.ਅਵਤਾਰ ਸਿੰਘ ਬੁਟੱਰ,ਗਿ.ਸਾਹਬ ਸਿੰਘ,ਭਾਈ ਗਗਨਦੀਪ ਸਿੰਘ ਤੇ ਭਾਈ ਪ੍ਰਕਾਸ਼ ਸਿੰਘ ਆਦਿ ਵੀ ਮੌਜੂਦ ਸਨ। ••

### ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਚੇਤਾਵਨੀ

# ਜਥੇਦਾਰ ਗੜਗੱਜ ਨੂੰ ਨਹੀਂ ਜਾਰੀ ਕਰਨ ਦੇਵਾਂਗੇ ਸੰਦੇਸ਼





**ਅੰਮ੍ਰਿਤਸਰ, 31 ਜੂਨ (ਆਵਾਜ਼ਿ ਕੌਮ ਬਿਊਰੋ)**-ਅੱਜ ਦਮਦਮੀ ਟਕਸਾਲ ਮਹਿਤਾ ਵੱਲੋਂ ਇਕ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿਚ ਟਕਸਾਲ ਮੁਖੀ ਹਰਨਾਮ ਸਿੰਘ ਖਾਲਸਾ ਨੇ ਐਲਾਨ ਕੀਤਾ ਕਿ ਉਹ 6 ਜੂਨ ਨੂੰ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਕੌਮ ਦੇ ਨਾਮ ਸੰਦੇਸ਼ ਜਾਰੀ ਨਹੀਂ ਕਰਨ ਦੇਣਗੇ। ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਰਬ ਪ੍ਰਵਾਣਿਤ ਨਹੀਂ ਹਨ। ਉਨ੍ਹਾਂ ਕਿਹਾ ਜੇਕਰ 6 ਜੂਨ ਨੂੰ ਉਹ ਕਿਸੇ ਤਰ੍ਹਾਂ ਦਾ ਸੰਦੇਸ਼ ਜਾਰੀ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਅਤੇ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੋਵੇਗੀ।

ਦੱਸਣਯੋਗ ਹੈ ਕਿ 6 ਜੂਨ ਨੂੰ ਘੱਲੂਘਾਰਾ ਦਿਵਸ ਹੈ ਅਤੇ ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥਿਆਰ ਕੌਮ ਦੇ ਨਾਮ ਸੰਦੇਸ਼ ਜਾਰੀ ਕਰਦੇ ਹਨ। ਲਿਹਾਜ਼ਾ ਆਉਣ ਵਾਲੀ 6 ਜੂਨ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਹੋਣ ਵੱਜੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਕੌਮ ਦੇ ਨਾਮ ਸੰਦੇਸ਼ ਜਾਰੀ ਕਰਨਗੇ। ਹੁਣ ਦਮਦਮੀ ਟਕਸਾਲ ਨੇ ਜਥੇਦਾਰ ਦਾ ਵਿਰੋਧ ਕਰਨ ਦਾ ਐਲਾਨ ਕਰ ਦਿੱਤਾ ਹੈ।

### ਦਮਦਮੀ ਟਕਸਾਲ ਵੱਲੋਂ ਨਗਰ ਮਹਿਤਾ ਚੌਕ ਗੁਰਦੁਆਰਾ ਹਰਿਗੋਬਿੰਦ ਗੜ ਸਾਹਿਬ ਵਿਖੇ

# ਸਜਾਏ ਸ਼ਹੀਦੀ ਦੀਵਾਨ





**ਚੌਕ ਮਹਿਤਾ, 31 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਰਹਿਨੁਮਾਈ ਹੇਠ 6 ਜੂਨ ਨੂੰ ਟਕਸਾਲ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਤੀਸਰੇ ਘੱਲੂਘਾਰੇ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਦੇ ਚੱਲਦਿਆਂ 1 ਮਈ ਤੋਂ ਵੱਖ-ਵੱਖ ਨਗਰਾਂ 'ਚ ਆਰੰਭ ਕੀਤੇ ਗਏ ਸ਼ਬਦ ਕੀਰਤਨ ਤੇ ਕਥਾ ਸਮਾਗਮ ਦੀ ਲੜੀ ਤਹਿਤ ਸ਼ਾਮ ਦਾ 30ਵਾਂ ਸ਼ਹੀਦੀ ਦੀਵਾਨ ਨਗਰ ਮਹਿਤਾ ਚੌਕ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਹਰਗੋਬਿੰਦਗੜ੍ਹ ਸਾਹਿਬ ਵਿਖੇ ਸਜਾਏ ਗਏ। ਇਸ ਮੌਕੇ ਦਮਦਮੀ ਟਕਸਾਲ ਦੇ ਰਾਗੀ ਭਾਈ ਲਵਪ੍ਰੀਤ ਸਿੰਘ ਦੇ ਰਾਗੀ ਜਥੇ ਨੇ ਰਸਮਈ ਸ਼ਬਦ ਕੀਰਤਨ ਕਰਦੇ ਹੋਏ ਦੀਵਾਨ ਦੀ ਆਰੰਭਤਾ ਕੀਤੀ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸੂਰਜ ਪ੍ਰਕਾਸ਼ ਗ੍ਰੰਥ ਦੀ ਲੜੀਵਾਰ ਕਥਾ ਨੂੰ ਅੱਗੇ ਤੋਰਦੇ ਹੋਏ ਛੇਵੀਂ ਪਾਤਸ਼ਾਹੀ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਇਤਿਹਾਸ ਸੰਗਤਾਂ ਨੂੰ ਸਰਵਨ ਕਰਵਾਇਆ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ 1 ਜੂਨ ਤੋਂ ਸ਼ਹੀਦੀ ਹਫਤੇ ਦੀ ਆਰੰਭਤਾ ਹੋਵੇਗੀ ਤੇ ਅਗਲੇ ਸ਼ਹੀਦੀ ਦੀਵਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸ਼ਾਮ 4 ਤੋਂ 8 ਵਜੇ ਤੱਕ ਸਜਿਆ ਕਰਨਗੇ। ਇਸ ਮੌਕੇ ਭਾਈ ਸਤਨਾਮ ਸਿੰਘ ਨੇ ਪੋਥੀ ਦੀ ਸੇਵਾ ਨਿਭਾਈ ਅਤੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ, ਦੀਵਾਨ ਦੀ ਸਮਾਪਤੀ 'ਤੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਹੋਰ ਮੋਹਤਬਰ ਸ਼ਖਸੀਅਤਾਂ ਵੱਲੋਂ ਸਨਮਾਨ ਵਜੋਂ ਸਿਰੋਪਾਓ ਅਤੇ ਦੁਸ਼ਾਲਾ ਭੇਟ ਕੀਤਾ ਗਿਆ। ਇਸ ਸਮੇਂ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾਦਲ, ਭਾਈ ਹਰਭਜਨ ਸਿੰਘ ਬੰਬੇਵਾਲ, ਬਾਬਾ ਸੁਖਵੰਤ ਸਿੰਘ ਚੰਨਣਕੇ, ਸਰਪੰਚ ਕਸ਼ਮੀਰ ਸਿੰਘ ਮਹਿਤਾ, ਸਰਪੰਚ ਹਰਜਿੰਦਰ ਸਿੰਘ ਜੱਜ, ਜਥੇ ਜਤਿੰਦਰ ਸਿੰਘ ਲੱਧਾਮੁੰਡਾ, ਬਲਜਿੰਦਰ ਸਿੰਘ ਰਾਜੂ ਮਾਸਟਰ ਪੁਸਤਕ ਭੰਡਾਰ ਵਾਲੇ, ਬਾਬਾ ਕਿਰਪਾ ਸਿੰਘ, ਜਥੇ ਬੋਹੜ ਸਿੰਘ, ਪ੍ਰੋ. ਜੋਬਨਜੀਤ ਸਿੰਘ, ਪ੍ਰਧਾਨ ਕੈਪਟਨ ਸਿੰਘ ਮਹਿਤਾ, ਗੁਰਦਿਆਲ ਸਿੰਘ ਮਹਿਸਮਪੁਰ, ਸੁੱਖ ਮਹਿਤਾ, ਰਮਨਬੀਰ ਸਿੰਘ ਲੱਧਾਮੁੰਡਾ, ਅੰਤਰਪ੍ਰੀਤ ਸਿੰਘ ਲੱਧਾਮੁੰਡਾ, ਭਾਈ ਸਤਨਾਮ ਸਿੰਘ, ਮਾ. ਜੋਗਿੰਦਰ ਸਿੰਘ, ਮਾ. ਸੁਖਵਿੰਦਰ ਸਿੰਘ, ਅੜ੍ਹਤੀਆ ਹਰਪਾਲ ਸਿੰਘ ਜੱਜ, ਡਾ. ਅਰਪਿੰਦਰ ਸਿੰਘ, ਗ੍ਰੰਥੀ ਜਸਵੰਤ ਸਿੰਘ, ਕੁਲਦੀਪ ਸਿੰਘ ਪੁਰਬਾ, ਸੁਰਜੀਤ ਸਿੰਘ, ਪ੍ਰਧਾਨ ਸੁਖਵਿੰਦਰ ਸਿੰਘ ਮਹਿਤਾ, ਨੰਬਰਦਾਰ ਗੁਰਜਿੰਦਰ ਸਿੰਘ ਲਾਡੀ, ਹਰਗੋਪਾਲ ਸਿੰਘ ਰੰਧਾਵਾ, ਭਾਈ ਨਿਰਮਲ ਸਿੰਘ, ਭਾਈ ਨਿੰਦਰ ਸਿੰਘ, ਭਾਈ ਭਾਗ ਸਿੰਘ, ਫਰਿਆਦ ਸਿੰਘ, ਜਸਬੀਰ ਸਿੰਘ, ਮਨਦੀਪ ਸਿੰਘ, ਹਰਵਿੰਦਰ ਸਿੰਘ ਸੰਧੂ, ਬਹਾਦਰ ਸਿੰਘ, ਕੁਲਦੀਪ ਸਿੰਘ ਤੇ ਸੁਰਜੀਤ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

### 1 ਤੋਂ 6 ਜੂਨ ਸ਼ਹੀਦੀ ਸਮਾਗਮਾਂ 'ਚ ਹੁਮਹੁਮਾ ਕੇ ਪੁੱਜਣ ਸੰਗਤਾਂ : ਸੰਤ ਗਿਆਨੀ ਖਾਲਸਾ ਭਿੰਡਰਾਂਵਾਲੇ

# ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਫਸਲਾਂ ਦੀ ਬਿਜਾਈ ਸੰਬੰਧੀ ਕਿਸਾਨਾਂ ਨਾਲ ਕੀਤੇ ਨੁਕਤਾ ਸਾਂਝੇ




**ਤਲਵੰਡੀ ਸਾਬੋ, 31 ਮਈ (ਗੁਰਜੰਟ ਸਿੰਘ ਨਥੇਹਾ)**- ਪੀਏਯੂ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਵੱਲੋਂ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ 2025 ਦੀ ਕੜੀ ਤਹਿਤ ਤੀਜੇ ਦਿਨ ਤਲਵੰਡੀ ਸਾਬੋ ਬਲਾਕ ਦੇ ਪਿੰਡ ਬਾਘਾ, ਤਰਖਾਣਵਾਲਾ, ਰਾਮਸਰਾ ਅਤੇ ਸੁਖਲੱਧੀ ਵਿਖੇ ਕੈਂਪ ਅਤੇ ਨੁਕੜ ਮੀਟਿੰਗਾਂ ਦਾ ਅਯੋਜਿਨ ਕੀਤਾ ਗਿਆ। ਇਨ੍ਹਾਂ ਕੈਂਪਾਂ ਦੌਰਾਨ ਡਾ. ਗੁਰਮੀਤ ਸਿੰਘ ਢਿੱਲੋਂ ਪ੍ਰੋਫੈਸਰ ਪਸਾਰ ਸਿਖਿਆ ਕੇ.ਵੀ.ਕੇ ਵੱਲੋਂ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਸੰਬੰਧੀ ਨੁਕਤੇ, ਬੀਜ ਸੋਧ, ਸੰਯੁਕਤ ਕੀਟ ਪ੍ਰਬੰਧਨ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਦੌਰਾਨ ਡਾ. ਰਮਨਦੀਪ ਕੌਰ ਸਹਾਇਕ ਪ੍ਰੋਫੈਸਰ (ਪ੍ਰੋਸੈਸਿੰਗ ਅਤੇ ਫੂਡ ਇੰਜੀਨਰਿੰਗ) ਨੇ ਡਰੋਨ ਟਕਨੋਲੌਜੀ, ਸੁਚੱਝਾ ਮੰਡੀਕਰਨ, ਤੇਲ ਬੀਜ ਫਸਲਾਂ ਦੀ ਪ੍ਰੋਸੈਸਿੰਗ ਅਤੇ ਪੈਕਿੰਗ ਕਰਕੇ ਮੁੱਲ ਵਧਾਊ ਉਤਪਾਦ ਪੈਦਾ ਕਰਨ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਿਸਾਨਾਂ ਦੇ ਖੇਤਾਂ ਦਾ ਦੌਰਾ ਕਰਕੇ ਖੇਤ ਮਿੱਟੀ ਦਾ ਸੈਂਪਲ ਲੈਣ ਦਾ ਤਰੀਕਾ ਸਾਂਝਾ ਕੀਤਾ ਗਿਆ ਅਤੇ ਖੇਤੀ ਸੰਬੰਧੀ ਸਾਹਿਤ ਅਤੇ ਪ੍ਰਕਾਸ਼ਨਾਵਾਂ ਵੀ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਗਈਆਂ। ਇਨ੍ਹਾਂ ਕੈਂਪਾਂ ਚ 560 ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਮੂਲੀਅਤ ਕੀਤੀ।

# ਵਾਹਨ ਵੱਲੋਂ ਮਾਰੀ ਟੱਕਰ ਨਾਲ ਰਿਫਾਇਨਰੀ ਤੋਂ ਘਰ ਪਰਤ ਰਹੇ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ, ਮਾਮਲਾ ਦਰਜ



**ਤਲਵੰਡੀ ਸਾਬੋ, 31 ਮਈ (ਗੁਰਜੰਟ ਸਿੰਘ ਨਥੇਹਾ)**-ਗੁਰੂ ਗੋਬਿੰਦ ਸਿੰਘ ਰਿਫਾਇਨਰੀ ਤੋਂ ਡਿਊਟੀ ਕਰਕੇ ਬੀਤੀ ਦੇਰ ਰਾਤ ਮੋਟਰਾਈਕਲ ਤੇ ਘਰ ਪਰਤ ਰਹੇ ਨੇੜਲੇ ਪਿੰਡ ਜੰਬਰ ਬਸਤੀ ਦੇ ਇੱਕ ਨੌਜਵਾਨ ਨੂੰ ਸਥਾਨਕ ਨਗਰ 'ਚ ਇੱਕ ਵਾਹਨ ਵੱਲੋਂ ਟੱਕਰ ਮਾਰ ਦਿੱਤੇ ਜਾਣ ਕਾਰਨ ਗੰਭੀਰ ਜਖਮੀ ਹੋਏ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਜਾਣ ਦੀ ਦੁੱਖਦਾਈ ਖਬਰ ਸਾਹਮਣੇ ਆਈ ਹੈ। ਪੁਲਿਸ ਨੇ ਗੱਡੀ ਦੇ ਨੰਬਰ ਨੂੰ ਟਰੇਸ ਕਰਦਿਆਂ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ਼ ਕਰਕੇ ਅਗਲੇਰੀ ਜਾਂਚ ਆਰੰਭ ਦਿੱਤੀ ਹੈ। ਮਿਲੀ ਜਾਣਕਾਰੀ ਅਤੇ ਦਰਜ਼ ਮਾਮਲੇ ਅਨੁਸਾਰ ਨੇੜਲੇ ਪਿੰਡ ਜੰਬਰ ਬਸਤੀ (ਜਗਾ ਰਾਮ ਤੀਰਥ) ਦਾ ਵਸਨੀਕ ਨੌਜਵਾਨ ਜਗਜੀਤ ਸਿੰਘ ਪੁੱਤਰ ਗੁਰਦੀਪ ਸਿੰਘ (40) ਰਿਫਾਇੰਨਰੀ 'ਚ ਨੌਕਰੀ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਸੀ। ਬੀਤੀ ਦੇਰ ਰਾਤ ਜਦੋਂ ਉਹ ਡਿਊਟੀ ਕਰਕੇ ਘਰ ਪਰਤ ਰਿਹਾ ਸੀ ਤਾਂ ਤਲਵੰਡੀ ਸਾਬੋ ਦੀ ਰਾਮਾਂ ਰੋਡ 'ਤੇ ਸੰਗਤ ਵਾਲੇ ਚੌਰਾਹੇ ਕੋਲ ਉਸਦੇ ਮੋਟਰਸਾਈਕਲ ਨੂੰ ਕਿਸੇ ਵਾਹਨ ਵੱਲੋਂ ਟੱਕਰ ਮਾਰ ਦਿੱਤੀ ਗਈ ਜਿਸ 'ਚ ਗੰਭੀਰ ਜਖਮੀ ਜਗਜੀਤ ਸਿੰਘ ਨੇ ਬਾਅਦ 'ਚ ਦਮ ਤੋੜ ਦਿੱਤਾ। ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀ ਦੇਸ ਰਾਜ ਨੇ ਦੱਸਿਆ ਕਿ ਮੁਢਲੀ ਜਾਂਚ ਪੜਤਾਲ ਉਪਰੰਤ ਟੱਕਰ ਮਾਰਨ ਵਾਲੀ ਗੱਡੀ ਦਾ ਨੰਬਰ ਪਤਾ ਲਗਾ ਕੇ ਉਸੇ ਆਧਾਰ 'ਤੇ ਥਾਣਾ ਤਲਵੰਡੀ ਸਾਬੋ ਚ ਗੱਡੀ ਨੰਬਰ ਡੀ.ਐੱਲ 10 ਸੀ.ਸੀ 4122 ਦੇ ਅਣਪਛਾਤੇ ਡਰਾਈਵਰ ਖਿਲਾਫ ਮਾਮਲਾ ਦਰਜ਼ ਕਰਕੇ ਉਸਦੀ ਭਾਲ ਤੇਜ਼ ਕਰ ਦਿੱਤੀ ਹੈ। ਜਾਂਚ ਅਧਿਕਾਰੀ ਨੇ ਦਾਅਵਾ ਕੀਤਾ ਕਿ ਵਾਹਨ ਚਾਲਕ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ। ਉੱਧਰ ਮ੍ਰਿਤਕ ਨੌਜਵਾਨ ਆਪਣੇ ਪਿੱਛੇ ਮਾਂ, ਪਤਨੀ ਅਤੇ ਇੱਕ ਅੱਠ ਸਾਲ ਦਾ ਬੱਚਾ ਛੱਡ ਗਿਆ ਹੈ। ਪਿੰਡ ਦੇ ਮੋਹਤਬਰਾਂ ਨੇ ਪਿੰਡ ਦੀ ਹੀ ਵਸਨੀਕ ਹਲਕਾ ਵਿਧਾਇਕਾ ਬਲਜਿੰਦਰ ਕੌਰ ਤੋਂ ਜਿੱਥੇ ਮੰਗ ਕੀਤੀ ਹੈ ਕਿ ਪਰਿਵਾਰ ਦਾ ਇਕੱਲਾ ਕਮਾਊ ਜੀਅ ਤੁਰ ਜਾਣ ਕਰਕੇ ਪਰਿਵਾਰ ਨੂੰ ਸਰਕਾਰ ਤੋਂ ਆਰਥਿਕ ਸਹਾਇਤਾ ਦੁਆਈ ਜਾਵੇ ਉੱਥੇ ਉਨਾਂ ਨੇ ਰਿਫਾਇਨਰੀ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਪੀੜਿਤ ਪਰਿਵਾਰ ਦੀ ਬਣਦੀ ਮਦੱਦ ਕੀਤੀ ਜਾਵੇ।

# ਸੀਨੀਅਰ ਸਿਟੀਜਨ ਫੋਰਮ ਦੇ ਪੈਟਰਨ ਨੂੰ ਸਦਮਾ, ਭਰਾ ਭਾਰਤ ਭੂਸ਼ਨ ਸਾਹਨੀ ਦਿੱਲੀ ਦਾ ਹੋਇਆ ਦਿਹਾਂਤ

**ਫ਼ਿਰੋਜ਼ਪੁਰ, 31 ਮਈ (ਮਨੋਹਰ ਲਾਲ)** :— ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਦੇ ਪੈਟਰਨ ਸ਼੍ਰੀ ਦੇਸ਼ ਬੰਧੂ ਤੁਲੀ ਦੇ ਰਿਸ਼ਤੇਦਾਰ ਭਰਾ ਸ਼੍ਰੀ ਭਾਰਤ ਭੂਸ਼ਣ ਸਾਹਨੀ ਪ੍ਰਧਾਨ ਸੀਨੀਅਰ ਸਿਟੀਜਨ ਫੋਰਮ ਦਿੱਲੀ ਦੀ ਅਚਾਨਕ ਮੌਤ ਕਾਰਨ ਜਿਥੇ ਪਰਿਵਾਰ ਨੂੰ ਬਹੁਰ ਵੱਡਾ ਘਾਟਾ ਪਿਆ, ਉਥੇ ਸਮਾਜ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਨੇ ਦੱਸਿਆ ਕਿ ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਸ਼੍ਰੀ ਦੇਸ਼ ਬੰਧੂ ਤੁਲੀ ਨਾਲ ਹਮਦਰਦੀ ਜਾਹਰ ਕਰਦੇ ਹਨ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਸ਼੍ਰੀ ਪਰਦੀਪ ਧਵਨ ਪ੍ਰਧਾਨ, ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਤਿਲਕ ਰਾਜ ਏਰੀ, ਯੋਗਿੰਦਰ ਨਾਥ ਕੱਕੜ, ਐਸ.ਪੀ ਖੇੜਾ ਸਤੀਸ਼ ਪੁਰੀ, ਪਰਵੀਨ ਧਵਨ, ਪਰਵੀਨ ਤਲਵਾੜ, ਰਾਕੇਸ਼ ਸ਼ਰਮਾ, ਅਸ਼ੋਕ ਕੱਕੜ, ਗਤਿੰਡਰ ਕਮਲ, ਰਮੇਸ਼ ਅਗਰਵਾਲ, ਡਾਕਟਰ ਸੁਰਿੰਦਰ ਸਿੰਘ, ਸੁਰਿੰਦਰ ਸਿੰਘ ਬਾਲਾਸੀ, ਸੁਰਿੰਦਰ ਬੇਰੀ, ਬਲਦੇਵ ਸਚਦੇਵਾ, ਅਵਤਾਰ ਸਿੰਘ ਭੋਲਾ, ਮਨੋਹਰ ਲਾਲ, ਸ਼ਾਮ ਲਾਲ ਗੱਖੜ, ਚਰਨਜੀਤ ਮਹਾਜਨ, ਅਸ਼ੋਕ ਕੁਮਾਰ ਕਪਾਹੀ ਆਦਿ ਹਾਜ਼ਰ ਸਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## 'ਆਪਰੇਸ਼ਨ ਸ਼ੀਲਡ' ਤਹਿਤ ਗਣਪਤੀ ਇਨਕਲੇਬ ਤੇ

# ਆਰਮੀ ਖੇਤਰ ਵਿਚ ਕੀਤੀ ਗਈ ਮੌਕ ਡਰਿੱਲ






**ਬਠਿੰਡਾ, 31 ਮਈ (ਗੁਰਜੰਟ ਸਿੰਘ ਨਥੇਹਾ)**- ਭਾਰਤ ਸਰਕਾਰ ਦੇ "ਆਪਰੇਸ਼ਨ ਸ਼ੀਲਡ" ਤੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਵਲ ਤੇ ਪੁਲੀਸ ਪ੍ਰਸ਼ਾਸਨ ਵਲੋਂ ਅੱਜ ਗਣਪਤੀ ਇਨਕਲੇਬ ਤੇ ਆਰਮੀ ਖੇਤਰ ਵਿਖੇ ਮੌਕ ਡਰਿੱਲ ਕਰਵਾਈ ਗਈ, ਜਿਸ ਵਿੱਚ ਸ਼ਹਿਰ ਵਾਸੀਆਂ ਨੂੰ ਅਗਾਂਊ ਸਥਿਤੀ ਵਿਚ ਨਜਿੱਠਣ ਸਿਖਲਾਈ ਦਿੱਤੀ ਗਈ। ਇਸ ਮੌਕੇ ਐਸਡੀਐਮ ਨੇ ਦੱਸਿਆ ਕਿ ਇਹ ਮੌਕ ਡਰਿੱਲ ਭਾਰਤ ਸਰਕਾਰ ਦੇ ਨਿਰਦੇਸ਼ਾਂ ਤਹਿਤ ਅਤੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਦੇਣ ਅਤੇ ਕਿਸੇ ਐਮਰਜੈਂਸੀ ਸਥਿਤੀ ਵਿਚ ਬਚਾਅ ਕਾਰਜਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਕਰਵਾਈ ਗਈ ਹੈ। ਇਹ ਮੌਕ ਡਰਿੱਲ ਸਿਵਲ ਡਿਫੈਂਸ, ਸਿਹਤ ਵਿਭਾਗ, ਪੁਲਿਸ ਵਿਭਾਗ ਤੇ ਹੋਰਨਾਂ ਵਿਭਾਗਾਂ ਦੇ ਸਹਿਯੋਗ ਨਾਲ ਕਰਵਾਈ ਗਈ ਜਿਸ ਵਿੱਚ ਸਾਇਰਨ ਵੱਜਣ ਬਾਰੇ, ਸਾਇਰਨ ਵੱਜਣ 'ਤੇ ਜ਼ਿਲ੍ਹਾ ਵਾਸੀਆਂ ਨੇ ਕਿਵੇਂ ਅਤੇ ਕਿੱਥੇ ਇਕੱਠੇ ਹੋਣਾ ਹੈ, ਸਿਹਤ ਵਿਭਾਗ ਸਣੇ ਹੋਰ ਵਿਭਾਗਾਂ ਦੀ ਭੂਮਿਕਾ ਬਾਰੇ, ਬਚਾਅ ਕਾਰਜਾਂ ਵਿਚ ਸਿਵਲ ਡਿਫੈਂਸ ਦੀ ਭੂਮਿਕਾ ਆਦਿ ਬਾਰੇ ਦੱਸਿਆ ਗਿਆ। ਇਸ ਮੌਕੇ ਦੱਸਿਆ ਕਿ ਅੱਗ ਲੱਗਣ ਦੀ ਸਥਿਤੀ 'ਚ ਉਸ ਨੂੰ ਕਿਵੇਂ ਬੁਝਾਉਣਾ ਹੈ ਅਤੇ ਅੱਗ ਕਾਰਨ ਜ਼ਖਮੀ ਹੋਏ ਪੀੜਤ ਲੋਕਾਂ ਨੂੰ ਦਿੱਤੀ ਜਾਣ ਵਾਲੀ ਮੁਢਲੀ ਸਹਾਇਤਾ ਦੀ ਸਿਖਲਾਈ ਦਿੱਤੀ ਗਈ। ਇਸ ਮੌਕੇ ਉਹਨਾਂ ਦੱਸਿਆ ਕਿ ਇਹ ਇਕ ਮੌਕ ਡਰਿੱਲ ਭਾਵ ਅਭਿਆਸ ਹੈ, ਇਸ ਤੋਂ ਘਬਰਾਉਣਾ ਨਹੀਂ ਬਲਕਿ ਕਿਸੇ ਐਮਰਜੈਂਸੀ ਸਥਿਤੀ ਨਾਲ ਕਿਵੇਂ ਨਜਿੱਠਣ ਹੈ, ਉਸਦੀ ਸਿਖਲਾਈ ਹਾਸਲ ਕਰਨੀ ਹੈ। ਇਸ ਮੌਕੇ ਐਸਡੀਐਮ ਬਲਕਰਨ ਸਿੰਘ ਮਾਹਲ ਨੇ ਦੱਸਿਆ ਕਿ ਅੱਜ ਸ਼ਾਮ 8:30 ਤੋਂ 8:40 ਵਜੇ ਤੱਕ ਬਲੈਕ ਆਊਟ ਦਾ ਅਭਿਆਸ ਹੋਵੇਗਾ। ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਸੰਭਾਵੀ ਸਥਿਤੀ ਦੇ ਦੌਰਾਨ ਸਾਈਰਨ ਵਜਾਇਆ ਜਾਵੇਗਾ। ਇਸ ਮੌਕੇ ਆਪੋ ਆਪਣੇ ਘਰਾਂ ਦੀਆਂ ਸਾਰੀਆਂ ਲਾਈਟਾਂ ਬੰਦ ਕੀਤੀਆਂ ਜਾਣ। ਇਸ ਮੌਕੇ ਉਹਨਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿਹਾ ਕਿ ਗੰਭੀਰ ਸਥਿਤੀ ਦੇ ਦੌਰਾਨ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਗਏ ਹੈਲਪਲਾਈਨ ਨੰਬਰ 0164-2862100 ਤੇ 2862101 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਹਨਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਸਥਿਤੀ ਵਿਚ ਅਫਵਾਹਾਂ ਤੋਂ ਬਚਿਆ ਜਾਵੇ ਅਤੇ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਮੇਂ ਸਮੇਂ 'ਤੇ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਇਸ ਮੌਕੇ ਐਨਸੀਸੀ, ਐਨਐਸਐਸ ਅਤੇ ਸਿਵਿਲ ਡਿਫੈਂਸ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

### ਐਮਰਜੈਂਸੀ ਸਥਿਤੀ ਵਿਚ ਬਚਾਅ ਕਾਰਜਾਂ ਅਤੇ ਮੁਢਲੀ ਸਹਾਇਤਾ ਬਾਰੇ ਦਿੱਤੀ ਜਾਣਕਾਰੀ

# ਸੰਤ ਬਾਬਾ ਸੱਜਣ ਸਿੰਘ ਜੀ ਮੁਖੀ ਗੁਰਦੁਆਰਾ ਗੁਰੂ ਕੀ ਬੇਰ ਮੱਤੇਵਾਲ ਇੰਗਲੈਂਡ ਲਈ ਰਵਾਨਾ



**ਚੌਕ ਮਹਿਤਾ, 31 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੀ ਅੱਜ ਸਵੇਰੇ ਇੰਗਲੈਂਡ ਲਈ ਰਵਾਨਾ ਹੋ ਗਏ ਹਨ। ਇੰਗਲੈਂਡ ਦੀਆਂ ਸੰਗਤਾਂ ਦੇ ਸੁਨੇਹੇ ਤੇ ਅੱਜ ਸਵੇਰੇ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਵਿਖੇ ਅਰਦਾਸ ਬੇਨਤੀ ਕਰਨ ਉਪਰੰਤ ਸੰਤ ਬਾਬਾ ਸੱਜਣ ਸਿੰਘ ਜੀ ਵੱਲੋਂ ਆਪਣੇ ਸਿੰਘਾਂ ਦੇ ਨਾਲ ਇੰਗਲੈਂਡ ਨੂੰ ਚਾਲੇ ਪਾਏ ਗਏ । ਸੰਤ ਬਾਬਾ ਸੱਜਣ ਸਿੰਘ ਜੀ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਉਹ ਇੰਗਲੈਂਡ ਦੀ ਧਰਤੀ ਤੇ ਕੇਵਲ ਇੱਕ ਮਹੀਨਾ ਵੱਖ ਵੱਖ ਜਗਾ ਤੇ ਗੁਰੂ ਘਰ ਦੀ ਸੇਵਾ ਲਈ ਸੰਗਤਾਂ ਦੇ ਸੱਦੇ ਉੱਪਰ ਰੁਕਣਗੇ। ਇਸ ਮੌਕੇ ਆਤਮਜੀਤ ਸਿੰਘ , ਮੋਹਕਮ ਸਿੰਘ ਯੂ..ਕੇ ,ਹਰਪਾਲ ਸਿੰਘ ਯੂ..ਕੇ ,ਨਰਿੰਦਰ ਸਿੰਘ ਭੋਏ ਰਣਜੀਤ ਸਿੰਘ ਰਾਣਾ ਬਾਬੋਵਾਲ, ਸਰਬਜੀਤ ਸਿੰਘ ਸਰਪੰਚ, ਬਲਜਿੰਦਰ ਸਿੰਘ, ਗਿਆਨ ਸਿੰਘ ,ਜਗਰੂਪ ਸਿੰਘ, ਪ੍ਰਿੰਸੀਪਲ ਗੁਰਸੇਵਕ ਸਿੰਘ , ਤਲਜਿੰਦਰ ਸਿੰਘ ਬੋਪਾਰਾਏ,ਬਾਬਾ ਰਾਜਾ ,ਅਮਰਜੀਤ ਸਿੰਘ ਤਾਰਪੁਰ, ਅਵਤਾਰ ਸਿੰਘ ਬੋਪਾਰਾਏ ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ ,ਬੂਟਾ ਸਿੰਘ ਦਸ਼ਮੇਸ਼ ਨਗਰ ,ਜੋਬਨ ਬੁਲਾਰਾ ,ਬਲਹਾਰ ਸਿੰਘ, ਕਰਮ ਸਿੰਘ ਤਜਿੰਦਰ ਲਾਡੀ ਮਹਿਤਾ ,ਹਰਜਿੰਦਰ ਸਿੰਘ ਮਹਿਤਾ, ਬਰਿੰਦਰ ਸਿੰਘ ,ਨਿਰਵੈਰ ਸਿੰਘ ਬੁਲਾਰਾ ,ਨੱਥਾ ਸਿੰਘ ਤਾਰਪੁਰ ,ਕੁਲਦੀਪ ਸਿੰਘ ਬੋਪਾਰਾਏ ,ਸੁਖਵਿੰਦਰ ਸਿੰਘ ਭੀਲੋਵਾਲ , ਮੇਜਰ ਸਿੰਘ, ਅਵਤਾਰ ਸਿੰਘ ਬੋਪਾਰਾਏ,ਬਾਬਾ ਸੁਲੱਖਣ ਸਿੰਘ ਹੈਡ ਗ੍ਰੰਥੀ ਆਦਿ ਹਾਜਰ ਸਨ।

## .ਗ਼ਜ਼ਲ



ਇੱਕ ਵਾਰੀ ਅੱਜ ਫਿਰ ਪੰਜਾਬ ਰੋਇਆ ਹੈ।
ਬੀਜ਼ ਨਸ਼ੇ ਦਾ ਭੈੜਾ ਕੀਹਨੇ ਬੋਇਆ ਹੈ।
ਮਾਰੀਆਂ ਸੀ ਇਹਨੇ ਮੱਲਾਂ ਚਾਰੇ ਪਾਸੇ ਹੀ,
ਕਰਦਾ ਖ਼ੂਬ ਤਰੱਕੀ ਜ਼ਰ ਨਹੀਂ ਹੋਇਆ ਹੈ।
ਕਿਸ ਭੈੜੇ ਦੀ ਲੱਗੀ ਨਜ਼ਰ ਪੰਜਾਬ ਨੂੰ,
ਹਰ ਗਲ਼ੀ ਦਾ ਸ਼ਖਸ ਫਿਰੇ ਅਧਮੋਇਆ ਹੈ।
ਕੌਣ ਕਰੂ ਇਹਦੀ ਰਾਖੀ ਸੋਚ ਵਿਚਾਰ ਕਰੋ,
ਦੇਖੋ ਕੀਹਦੇ ਦਿਲ ਵਿਚ ਦਰਦ ਸਮੋਇਆ ਹੈ।
ਕੱਟ ਕਦੇ ਨਹੀਂ ਹੋਇਆ ਜੋ ਤਲਵਾਰਾਂ ਤੋਂ,
ਨਾਲ਼ ਨਸ਼ੇ ਦੇ ਦੇਖੋ ਕਿਦਾਂ ਮੋਇਆ ਹੈ।
÷ਸੋਹਲ" ਜਵਾਨੀ ਨਾਲ਼ ਪਿਆਰ ਦੇ ਮੋੜ ਲਵੋ,
ਨਸ਼ਿਆਂ ਰੂਪੀ ਦਲਦਲ ਨਫਰਤ ਟੋਇਆ ਹੈ।

ਲੇਖਕ: ਗੁਰਜੰਟ ਸਿੰਘ ਨਥੇਹਾ ਪਿੰਡ ਨਥੇਹਾ (ਤਲਵੰਡੀ ਸਾਬੋ)
ਸੰਪਰਕ: +918968727272

# ਮੁਕਤਸਰ ਵਿਖੇ ਪਟਾਕਾ ਫੈਕਟਰੀ ਵਿਚ ਵਿਸਫੋਟ ਹੋਣ ਕਾਰਨ ਹੋਈਆ 5 ਮੌਤਾਂ ਦੇ ਪੀੜ੍ਹਤ ਪਰਿਵਾਰਾਂ ਨਾਲ ਸ. ਮਾਨ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ



**ਫ਼ਤਹਿਗੜ੍ਹ ਸਾਹਿਬ (ਰਣਜੀਤ ਸਿੰਘ ਪੇਧਨੀ )**-"ਇਹ ਬਹੁਤ ਦੁੱਖ ਤੇ ਅਫਸੋਸ ਵਾਲੀ ਕਾਰਵਾਈ ਹੋਈ ਹੈ ਕਿ ਬਿਨ੍ਹਾਂ ਕਿਸੇ ਪ੍ਰਵਾਨਗੀ ਤੋਂ ਮੁਕਤਸਰ ਵਿਖੇ ਨਜਾਇਜ ਢੰਗ ਨਾਲ ਪਟਾਕੇ ਬਣਾਉਣ ਵਾਲੀ ਫੈਕਟਰੀ ਚੱਲ ਰਹੀ ਸੀ ਜਿਸ ਵਿਚ ਵਿਸਫੋਟ ਹੋਣ ਕਾਰਨ 5 ਕੀਮਤੀ ਜਾਨਾਂ ਦਾ ਨੁਕਸਾਨ ਹੋ ਗਿਆ ਹੈ ਅਤੇ 25 ਦੇ ਕਰੀਬ ਜਖਮੀ ਹੋ ਗਏ ਹਨ । ਇਸ ਦੁਖਾਂਤ ਤੋ ਇਹ ਵੀ ਪ੍ਰਤੱਖ ਹੋ ਜਾਂਦਾ ਹੈ ਕਿ ਮੌਜੂਦਾ ਪੰਜਾਬ ਦੀ ਸਰਕਾਰ ਅਤੇ ਹੋਣ ਵਾਲੇ ਨਜਾਇਜ ਧੰਦਿਆ ਨੂੰ ਬੰਦ ਕਰਨ ਲਈ ਕਿੰਨੀ ਕੁ ਪਕੜ ਰੱਖਦੀ ਹੈ, ਉਹ ਵੀ ਪ੍ਰਤੱਖ ਰੂਪ ਵਿਚ ਸਾਹਮਣੇ ਆ ਗਈ ਹੈ । ਜੋ ਇਸ ਦੁਖਾਂਤ ਵਿਚ ਪਰਿਵਾਰਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨਾਲ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋ ਡੂੰਘੀ ਹਮਦਰਦੀ ਪ੍ਰਗਟ ਕਰਦੇ ਹੋਏ ਜਿਥੇ ਉਨ੍ਹਾਂ ਦੀਆਂ ਆਤਮਾਵਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ, ਉਥੇ ਸ. ਮਾਨ ਨੇ ਸਰਕਾਰ ਤੋ ਮੰਗ ਕੀਤੀ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਫੌਰੀ 10-10 ਲੱਖ ਰੁਪਏ ਦੀ ਰਾਸੀ ਦਾ ਭੁਗਤਾਨ ਕੀਤਾ ਜਾਵੇ ਅਤੇ ਜੋ ਜਖਮੀ ਹੋਏ ਹਨ, ਉਨ੍ਹਾਂ ਨੂੰ ਲੱਖ-ਲੱਖ ਰੁਪਏ ਸਹਾਇਤਾ ਵੱਜੋ ਦਿੱਤੇ ਜਾਣ ਅਤੇ ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਸੂਬੇ ਵਿਚ ਕੋਈ ਵੀ ਗੈਰ ਕਾਨੂੰਨੀ ਢੰਗ ਨਾਲ ਇਸ ਤਰ੍ਹਾਂ ਪਟਾਕਿਆ ਅਤੇ ਹੋਰ ਨੁਕਸਾਨਦਾਇਕ ਵਸਤਾਂ ਦਾ ਚੋਰੀ ਛਿਪੇ ਉਤਪਾਦ ਨਾ ਕਰ ਸਕੇ।"

# ਨੀਲੂ ਮਿੱਤਲ ਲੁਧਿਆਣਾ ਵੈਸਟ ਤੋਂ ਜੀਵਨ ਗੁਪਤਾ ਨੂੰ ਬਣਨ ਤੇ ਦਿੱਤੀ ਮੁਬਾਰਕਬਾਦ



**ਧੂਰੀ ( ਰਣਜੀਤ ਸਿੰਘ ਪੇਧਨੀ )**-ਲੁਧਿਆਣਾ ਵੈਸਟ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਖਿਰਕਾਰ ਭਾਜਪਾ ਵੱਲੋਂ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਭਾਜਪਾ ਵੱਲੋਂ ਸੀਨੀਅਰ ਆਗੂ ਜੀਵਨ ਗੁਪਤਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਜੀਵਨ ਗੁਪਤਾ ਭਾਜਪਾ ਦੇ ਪੁਰਾਣੇ ਅਤੇ ਸੀਨੀਅਰ ਆਗੂਆਂ ਵਿਚੋਂ ਹਨ। ਜੀਵਨ ਗੁਪਤਾ ਨੂੰ ਲੁਧਿਆਣਾ ਵੈਸਟ ਤੋਂ ਟਿਕਟ ਮਿਲਣ 'ਤੇ ਮੁਬਾਰਕਵਾਦ ਦਿੰਦਿਆਂ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਮੀਤ ਪ੍ਰਧਾਨ ਕ੍ਰਿਸਨ ਗੋਪਾਲ ਨੀਲੂ ਮਿੱਤਲ ਨੇ ਜਿਥੇ ਜੀਵਨ ਗੁਪਤਾ ਨੂੰ ਲੁਧਿਆਣਾ ਵੈਸਟ ਤੋਂ ਉਮੀਦਵਾਰ ਬਣਨ ਮੁਬਾਰਕਵਾਦ ਦਿੱਤੀ ਉੱਥੇ ਪਾਰਟੀ ਹਾਈ ਕਮਾਂਡ ਦਾ ਦਿਲ ਦੀਆਂ ਗਹਿਰਾਈਆਂ ਚੋ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਜੀਵਨ ਗੁਪਤਾ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਦੇ ਆ ਰਹੇ ਹਨ ਜਿਨਾਂ ਦੀ ਮਿਹਨਤ ਨੂੰ ਆ ਕੇ ਹੁਣ ਬੂਰ ਪਿਆ ਹੈ। ਉਹਨਾਂ ਕਿਹਾ ਕਿ ਜੀਵਨ ਗੁਪਤਾ ਮਿਹਨਤ ਸਦਕਾ ਲੁਧਿਆਣਾ ਵੈਸਟ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਉਣਗੇ ।

# ਆਈਡੀਅਲ ਕੌਨਵੈਂਟ ਸਕੂਲ ਹਠੂਰ ਵਿਖੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਮੌਕੇ ਬੱਚਿਆਂ ਵੱਲੋਂ ਸ਼ਬਦਾਂ ਦੀ ਪੇਸ਼ਕਾਰੀ

## ਪ੍ਰਿੰਸੀਪਲ ਅਜੇਪਾਲ ਸਿੰਘ ਅਤੇ ਵਾਈਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਇਤਿਹਾਸ ਤੋਂ ਜਾਣੂੰ ਕਰਵਾਇਆ




**ਹਠੂਰ/ਜਗਰਾਉਂ (ਵਰਿਆਮ ਹਠੂਰ)**-ਇਤਿਹਾਸਕ ਕਸਬਾ ਹਠੂਰ ਦੇ ਆਈਡੀਅਲ ਕੌਨਵੈਂਟ ਸਕੂਲ ਵਿਖੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਸਕੂਲ ਵਿੱਚ ਜਿੱਥੇ ਵੱਖ ਵੱਖ ਬੱਚਿਆਂ ਨੇ ਧਾਰਮਿਕ ਸ਼ਬਦ ਗਾ ਕੇ ਆਪਣੀ ਹਾਜ਼ਰੀ ਭਰੀ, ਉੱਥੇ ਸਕੂਲ ਸਟਾਫ਼ ਅਤੇ ਬੱਚਿਆਂ ਵੱਲੋਂ ਸਿਮਰਨ ਕੀਤਾ ਗਿਆ ,ਸਕੂਲ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਅਤੇ ਵਾਈਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕਰਦੇ ਹਾਂ, ਸਾਡੇ ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਸਮੂਹ ਮਿਹਨਤੀ ਸਟਾਫ਼ ਦੀ ਇਹੋ ਕੋਸ਼ਿਸ਼ ਰਹਿੰਦੀ ਹੈ। ਕਿ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਦੇ ਨਾਲ ਨਾਲ ਬੱਚਿਆਂ ਨੂੰ ਸਮੇਂ ਸਮੇਂ ਨਾਲ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇ, ਸਾਡੇ ਸਕੂਲ ਵੱਲੋਂ ਬੱਚਿਆਂ ਨੂੰ ਵੱਖ ਵੱਖ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਵੀ ਕਰਵਾਏ ਜਾਂਦੇ ਹਨ। ਤੇ ਬੱਚਿਆਂ ਨੂੰ ਵਾਪਰੇ ਹੋਏ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਤੇ ਸਕੂਲ ਦੇ ਬੱਚਿਆਂ ਨੂੰ ਸ਼ਬਦ ਕੀਰਤਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਅੰਤ ਵਿੱਚ ਸਮੂਹ ਸਕੂਲ ਦੇ ਬੱਚਿਆਂ ਅਤੇ ਸਟਾਫ਼ ਨੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਕੋਟਿ ਕੋਟਿ ਪ੍ਰਣਾਮ ਕੀਤਾ।

# ਕੇਂਦਰੀ ਸਿੱਖ ਅਜਾਇਬ ਘਰ ਵਿੱਚ

# ਡਾ. ਮਨਮੋਹਨ ਸਿੰਘ ਦੀ ਫੋਟੋ ਲਗਾਉਣ ਪਿੱਛੇ ਡੂੰਘੀ ਸਾਜ਼ਿਸ਼ ਦਾ ਤੱਥਾਂ ਸਹਿਤ ਖੁਲਾਸਾ



-ਅਮਰਜੀਤ ਸਿੰਘ ਬਡਗੁਜਰਾਂ, ਵੱਟਸਐਪ ਨੰ. 95012 96100

**ਡਾ ਮਨਮੋਹਨ ਸਿੰਘ ਜੀ ਦੀ ਫੋਟੋ ਦਰਬਾਰ ਸਾਹਿਬ ਅੰਮ੍ਰਿਤਸਰ ਕੰਪਲੈਕਸ ਸਥਿੱਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਪਿੱਛੇ ਡੂੰਘੀ ਸਾਜ਼ਿਸ਼ ਦੀ ਘੁੰਡ ਚੁਕਾਈ ਕਰਦੀ ਹੋਈ ਇੱਕ ਖੋਜ ਭਰਪੂਰ ਲਿਖ਼ਤ ਤੱਥਾਂ ਸਾਹਿਤ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਕੌਮ ਦੇ ਸੰਘਰਸ਼ੀ ਯੋਧੇ ਅਤੇ ਸਿੱਖ ਚਿੰਤਕ ਸਰਦਾਰ ਅਮਰਜੀਤ ਸਿੰਘ ਬਡਗੁਜਰਾਂ ਵਲੋਂ ਸਾਡੇ ਪਾਠਕਾਂ ਦੇ ਸਨਮੁੱਖ ਕਰਨ ਲਈ ਭੇਜੀ ਗਈ ਹੈ -- ਸੰਪਾਦਕ**

**ਕਾਂਗਰਸ** ਦੇ ਦਲਾਲ ਸਰਦਾਰ ਪਰਮਜੀਤ ਸਿੰਘ ਸਰਨਾ ਜਿਹੜੇ ਕਿਸੇ ਸਮੇਂ ਮਰਹੂਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਖ਼ੂਨ ਦੇ ਪਿਆਸੇ ਸਨ ਉਹ ਹੁਣ ਸੁਖਵੀਰ ਬਾਦਲ ਦਾ ਕਾਂਗਰਸ ਨਾਲ ਹੱਥ ਮਿਲਾਉਣ ਦੀ ਇਸ ਤਰ੍ਹਾਂ ਪੂਰੀ ਤਿਆਰੀ ਵਿੱਚ ਹਨ।ਜਿਵੇ ਕਿਸੇ ਛਿੰਝ ਦਾ ਮੁੱਖ ਮਹਿਮਾਨ ਝੰਡੀ ਦੀ ਕੁਸ਼ਤੀ ਦੇ ਦੋਵੇਂ ਭਲਵਾਨਾਂ ਦਾ ਹੱਥ ਮਿਲਾਉਂਦਾ ਹੁੰਦਾ ਹੈ।ਪਰ ਇਸ ਬਾਰੇ ਸਿੱਖ ਕੌਮ ਹੁਣ ਤੱਕ ਅਵੇਸਲੀ ਅਤੇ ਬਿਲਕੁਲ ਅਣਜਾਣ ਹੈ।

ਸੁਖਵੀਰ ਬਾਦਲ ਨੂੰ ਭਾਜਪਾ ਦੇ ਨੇੜੇ ਜਾਣ ਤੋਂ ਰੋਕਣ ਲਈ ਇਕ ਪਾਸੇ ਤਾਂ ਬਾਦਲਾਂ ਦੇ ਮੁੱਖ ਵਿਰੋਧੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਸਰਦਾਰ ਮਨਜਿੰਦਰ ਸਿੰਘ ਸਿਰਸਾ ਦੋ ਸੀਨੀਅਰ ਭਾਜਪਾ ਆਗੂ ਡਾਂਗ ਫੜ ਕੇ ਭਾਜਪਾ ਦੇ ਕਿਲ੍ਹੇ ਦੇ ਗੇਟ ਉੱਤੇ ਬੈਠੇ ਪਹਿਰੇਦਾਰੀ ਕਰ ਰਹੇ ਹਨ।ਦੂਜੇ ਪਾਸੇ ਦਿੱਲੀ ਦੇ ਕਾਂਗਰਸੀ ਆਗੂ ਪਰਮਜੀਤ ਸਿੰਘ ਸਰਨਾ ਚੱਪੂ ਫੜ ਕੇ ਸੁਖਵੀਰ ਬਾਦਲ ਦੀ ਬੇੜੀ ਨੂੰ ਕਾਂਗਰਸ ਦੇ ਬਜਬਜ ਘਾਟ ਉਤੇ ਲਗਾ ਕੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਉਤੇ ਕਾਬਜ਼ ਹੋਣ ਲਈ ਤਰਲੋ ਮੱਛੀ ਹੋਏ ਫਿਰਦੇ ਹਨ।

ਇਸ ਸਮਝੌਤੇ ਦੀ ਸ਼ੁਰੂਆਤ ਲੰਘੀਆਂ ਲੋਕ ਸਭਾ ਚੋਣਾਂ ਸਮੇਂ ਹੀ ਹੋ ਗਈ ਸੀ ।ਜਦੋਂ ਕਾਂਗਰਸ ਦੇ ਧੜੱਲੇਦਾਰ ਉਮੀਦਵਾਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਉਸ ਦੇ ਜੱਦੀ ਹਲਕੇ ਬਠਿੰਡਾ ਤੋਂ ਬਦਲ ਕੇ ਦੋ ਸੌ ਕਿਲੋਮੀਟਰ ਦੂਰ ਲੁਧਿਆਣਾ ਤੋਂ ਉਮੀਦਵਾਰ ਐਲਾਨ ਦਿੱਤਾ ਗਿਆ ਸੀ।ਅਤੇ ਬੀਬਾ ਹਰਸਿਮਰਤ ਕੌਰ ਬਾਦਲ ਵਾਸਤੇ ਚੋਣ ਮੈਦਾਨ ਢਿੱਲਾ ਕਰ ਦਿੱਤਾ ਗਿਆ ਸੀ।

ਸ਼ਾਇਦ ਤੁਹਾਨੂੰ ਯਾਦ ਹੋਵੇਗਾ ਬਾਦਲ ਅਕਾਲੀ ਦਲ ਦੇ ਕਨਵੀਨਰ ਦੀ ਜੁਮੇਵਾਰੀ ਸਾਂਭਣ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਮੀਡੀਏ ਵਿੱਚ ਇਹ ਗੱਲ ਸਪੱਸ਼ਟ ਤੌਰ ਉੱਤੇ ਕਹਿ ਕੇ ਇਸ਼ਾਰਾ ਵੀ ਕਰ ਦਿੱਤਾ ਸੀ।ਕਿ ਰਾਜਸੀ ਸਮਝੌਤਾ ਕਰਨ ਲਈ ਸਾਡੇ ਵਾਸਤੇ ਤਾਂ ਕੋਈ ਵੀ ਪਾਰਟੀ ਛੂਤ ਨਹੀਂ ਹੈ।

ਸਿੱਖ ਜਗਤ ਨੂੰ ਭਲੀਭਾਂਤ ਪਤਾ ਹੀ ਹੈ ਕਿ ਉਨ੍ਹਾਂ ਲਈ ਤਾਂ ਪਹਿਲਾਂ ਵੀ ਸਿੱਖ ਵਿਰੋਧੀ ਕੋਈ ਤਾਕਤ ਛੂਤ ਨਹੀਂ ਸੀ।ਸਗੋਂ ਸਿਰਸੇ ਵਾਲੇ , ਭਨਿਆਰੇ ਵਾਲੇ,ਬਿਆਸ ਵਾਲੇ , ਨਿਰੰਕਾਰੀ ਅਤੇ ਆਰ ਐਸ ਐਸ ਸਮੇਤ ਸਾਰੀਆਂ ਹੀ ਪੰਥ ਵਿਰੋਧੀ ਧਿਰਾਂ ਉਨ੍ਹਾਂ ਵਾਸਤੇ ਕਦੇ ਛੂਤ ਨਹੀਂ ਸਗੋਂ ਅਛੂਤ ਹੀ ਰਹੀਆਂ ਸਨ।ਜਿਹੜਾ ਬਾਦਲ ਪਰਵਾਰ ਆਪਣੀ ਹੋਂਦ ਬਚਾਉਣ ਲਈ ਲੰਘੀਆਂ ਚੋਣਾਂ ਵਿੱਚ ਸਿੱਖ ਕੌਮ ਦੀ ਕੱਟੜ ਵਿਰੋਧੀ ਸ਼ਿਵ ਸੈਨਾ ਨਾਲ ਸਮਝੌਤਾ ਕਰ ਸਕਦਾ ਹੈ।ਸਿੱਖਾਂ ਦੇ ਕਾਤਲਾਂ ਇਜ਼ਹਾਰ ਆਲਮ ਵਰਗਿਆਂ ਦੇ ਮੋਢੇ ਦਾ ਸਹਾਰਾ ਲੈ ਸਕਦਾ ਹੈ।ਵੋਟਾਂ ਵਟੋਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਸੌਦਾ ਸਾਧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਗੈਰ ਮੰਗੇ ਹੀ ਮਾਫ਼ੀ ਲੈਣ ਕੇ ਦੇ ਸਕਦਾ ਹੈ।ਸੰਨ 1919 ਦੇ ਜਲਿਆਂ ਵਾਲਾ ਬਾਗ ਨਰਸੰਹਾਰ ਲਈ ਜੁਮੇਵਾਰ ਅੰਗਰੇਜ਼ ਨੂੰ ਡਿਨਰ ਦੇਣ ਵਾਲੇ ਇਤਿਹਾਸਕ ਗਦਾਰ ਪ੍ਰਵਾਰ ( ਮਜੀਠੀਆ) ਦੀ ਧੀ ਦਾ ਸਾਕ ਲੈ ਸਕਦਾ ਹੈ।ਅਜ਼ਾਦੀ ਪਿੱਛੋਂ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਬੂਟਾਂ ਸਮੇਤ ਫੋਰਸਾਂ ਭੇਜ ਕੇ ਬੇਅਦਬੀ ਕਰਵਾਉਣ ਵਾਲੇ, ਪਰਕਰਮਾ ਵਿੱਚ ਸਿੱਖ ਸੰਗਤਾਂ ਉਤੇ ਅੰਨਾ ਤਸ਼ੱਦਦ ਕਰਾਉਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਘਰ ਆਪਣੀ ਧੀ ਦਾ ਸਾਕ ਕਰ ਕੇ ਕੈਰੋਂ ਨੂੰ ਸਨਮਾਨਿਤ ਕਰ ਸਕਦਾ ਹੈ।ਖਾਲਸਾ ਜੀ ਉਹ ਬਾਦਲ ਪਰਵਾਰ ਤਾਂ ਆਪਣੀ ਹੋਂਦ ਹਸਤੀ ਬਚਾਉਣ ਲਈ ਬੁਰੇ ਦੇ ਘਰ ਤੱਕ ਵੀ ਜਾ ਸਕਦਾ ਹੈ ਉਹ ਪਰਵਾਰ ਸਾਡੇ ਵਲੋਂ ਉਪਰ ਜ਼ਿਕਰ ਕੀਤੇ ਗਏ ਬੁਰੇ ਦੇ ਘਰਾਂ ਤੱਕ ਕੁਰਸੀ ਸਲਾਮਤ ਰੱਖਣ ਲਈ ਪਹਿਲਾਂ ਵੀ ਤਾਂ ਜਾਂਦਾ ਹੀ ਰਿਹਾ ਹੈ। ਸੁਖਵੀਰ ਨੇ ਪੰਥ ਦੀ ਗੱਲ ਕਰਨ ਵਾਲੀਆਂ ਧਿਰਾਂ ਨੂੰ ਆਪਣੀ ਧੀ ਬੀਬੀ ਗੁਰਕੀਰਤ ਕੌਰ ਦੇ ਵਿਆਹ ਵਿੱਚੋਂ ਦੂਰ ਰੱਖ ਕੇ। ਪਰ ਸਮੂਹ ਪੰਥ ਵਿਰੋਧੀ ਧਿਰਾਂ ਨੂੰ ਸ਼ਾਮਲ ਕਰਕੇ ਭੂੰਦੜ ਦੀ ਗੱਲ ਉਤੇ ਸਹੀ ਪਾ ਦਿੱਤੀ ਹੈ।ਕਿ ਸਾਡੇ ਲਈ ਕੋਈ ਵੀ ਪਾਰਟੀ ਛੂਤ ਨਹੀਂ ਹੈ।ਅਸੀਂ ਮਹਿਸੂਸ ਕਰਦੇ ਹਾਂ ਸੁਖਵੀਰ ਬਾਦਲ ਨੇ ਆਪਣੀ ਜ਼ਿੰਦਗੀ ਵਿੱਚ ਇੱਕੋ ਕੰਮ ਵਧੀਆ ਕੀਤਾ ਹੈ। ਜਿਹੜਾ ਆਪਣੀ ਬੇਟੀ ਬੀਬਾ ਹਰਕੀਰਤ ਕੌਰ ਦਾ ਇੱਕ ਗੈਰ ਸਿਆਸੀ ਪਰਵਾਰ ਦੇ ਸਾਬਤ ਸੂਰਤ ਸਿੱਖ ਨੌਜਵਾਨ ਨਾਲ ਵਿਆਹ ਕੀਤਾ ਹੈ।ਅਸੀਂ ਇਸ ਗੱਲ ਦੀ ਉਸ ਬੱਚੀ ਨੂੰ ਮੁਬਾਰਕਬਾਦ ਵੀ ਦਿੰਦੇ ਹਾਂ।ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ।ਕਿ ਸੱਚੇ ਪਾਤਸ਼ਾਹ ਉਸ ਬੱਚੀ ਨੂੰ ਸਫਲ ਅਤੇ ਖੁਸ਼ਹਾਲ ਗ੍ਰਹਿਸਥੀ ਜੀਵਨ ਬਖਸ਼ੇ।ਉਸ ਸੁਭਾਗੇ ਜੋੜੇ ਨੂੰ ਸਦਾ ਚੜ੍ਹਦੀ ਕਲਾ ਵਿੱਚ ਰੱਖੇ।ਪਰ ਬਾਦਲ ਪਰਵਾਰ ਦੀਆਂ ਅਗਲੀਆਂ ਰਿਸ਼ਤੇਦਾਰੀਆਂ ਹੁਣ ਕਾਂਗਰਸ ਪੱਖੀ ਘਰਾਂ ਵਿੱਚ ਹੋਣਗੀਆਂ।

ਇਸ ਵਿਆਹ ਵਿੱਚ ਸੁਖਵੀਰ ਜੀ ਨੇ ਇਹ ਗੱਲ ਸਿੱਧ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ।ਕਿ ਪੰਥ ਪਵੇ ਢੱਠੇ ਖੂਹ ਵਿੱਚ ।ਪੰਥ ਤੋਂ ਬਗੈਰ ਹੋਰ ਵੀ ਮੇਰੇ ਘਰੇਲੂ ਸਮਾਗਮਾਂ ਵਿੱਚ ਸ਼ਰੀਕ ਹੋਣ ਵਾਲੇ ਸਿਆਸੀ ਲੋਕ ਬਹੁਤ ਹਨ।ਬੀਬਾ ਜੀ ਦੇ ਵਿਆਹ ਵਿੱਚ ਸ਼ਾਮਲ ਹੋਏ ਕਾਂਗਰਸੀ ਤੇ ਭਾਜਪਾਈ ਉਹ ਲੀਡਰ ਹਨ।ਜਿਹੜੇ ਸਮੁੱਚੀਆਂ ਪੰਥਕ ਧਿਰਾਂ ਨੂੰ ਤਾਂ ਬਿਲਕੁਲ ਵੀ ਪਸੰਦ ਨਹੀਂ ਕਰਦੇ। ਪਰ ਬਾਦਲ ਪਰਵਾਰ ਉਨ੍ਹਾਂ ਧਿਰਾਂ ਦੀ ਅਤੇ ਉਹ ਧਿਰਾਂ ਬਾਦਲ ਪਰਵਾਰ ਦੀ ਮੁੱਢਲੀ ਪਸੰਦ ਜ਼ਰੂਰ ਹਨ।



ਬਾਦਲ ਦਲ ਵਿੱਚ ਉਭਰੀ ਬਗਾਵਤ ਮੌਕੇ ਸੁਖਵੀਰ ਬਾਦਲ ਦੇ ਹੱਕ ਵਿੱਚ ਕਾਂਗਰਸ ਦੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਪ੍ਰਤਾਪ ਸਿੰਘ ਬਾਜਵਾ ਵਰਗਿਆਂ ਨੂੰ ਇਹ ਬਿਆਨ ਦੇਣ ਦੀ ਭਲਾਂ ਕੀ ਲੋੜ ਪੈ ਗਈ ਸੀ।ਕਿ ਬਾਦਲ ਪਰਿਵਾਰ ਤੋਂ ਬਗੈਰ ਅਕਾਲੀ ਦਲ ਨੂੰ ਕੋਈ ਚਲਾ ਹੀ ਨਹੀਂ ਸਕਦਾ ਹੈ।ਚੱਲੇ ਭਾਵੇਂ ਨਾ ਚੱਲੇ ਤੁਸੀਂ ਦੱਸੋ ਭਲਾਂ ਬਾਦਲ ਦਲ ਤੋਂ ਕੀ ਕੜ੍ਹੀ ਲੈਣੀ ਹੈ ਉਨ੍ਹਾਂ ਸੀਨੀਅਰ ਕਾਂਗਰਸੀ ਆਗੂਆਂ ਦੀ ਬਾਦਲ ਪਰਵਾਰ ਦੇ ਵਿਹੜੇ ਵਿੱਚੋਂ ਪੱਟੇ ਜਾ ਰਹੇ ਜ਼ੁਲਮ ਦੇ ਬੂਟੇ ਪ੍ਰਤੀ ਫ਼ਿਕਰਮੰਦੀ ਜ਼ਿਹਰ ਕਰਨ ਵਾਲੇ ਬਿਆਨ ਨੇ ਪੰਜਾਬ ਦੇ ਸਿਆਸੀ ਪੰਡਤਾਂ ਨੂੰ ਫਿਕਰਾਂ ਵਿੱਚ ਪਾ ਦਿੱਤਾ ਹੈ ਉਕਤ ਬਿਆਨ ਪੰਜਾਬ ਦੀ ਸਿਆਸੀ ਫਿਜ਼ਾ ਵਿੱਚ ਹੋਣ ਵਾਲੀ ਕਿਸੇ ਵੱਡੀ ਸਿਆਸੀ ਉੱਥਲ ਪੁੱਥਲ ਵਲ ਇਸ਼ਾਰਾ ਕਰ ਗਿਆ ਹੈ।ਜਿਸ ਵਾਸਤੇ ਅਸੀਂ ਸਿੱਖ ਕੌਮ ਨੂੰ ਅੱਜ ਤੋਂ ਹੀ ਅਗਾਊਂ ਖ਼ਬਰਦਾਰ ਕਰਦੇ ਹਾਂ।ਪਰ ਇੰਨ੍ਹਾਂ ਕਾਂਗਰਸੀ ਆਗੂਆਂ ਨੂੰ ਇਹ ਪੁੱਛਿਆ ਜਾਵੇ ਕਿ ਸੁਖਵੀਰ ਬਾਦਲ ਦੇ ਪੈਦਾ ਹੋਣ ਤੋਂ ਪਹਿਲਾਂ 1920 ਤੋਂ ਲੈ ਕੇ ਹੁਣ ਤੱਕ ਅਕਾਲੀ ਦਲ ਨੂੰ ਭਲਾਂ ਕੌਣ ਚਲਾਉਂਦਾ ਆ ਰਿਹਾ ਸੀ ?ਜੇਕਰ ਸੁਖਵੀਰ ਬਾਦਲ ਜੀ ਪੈਦਾ ਹੀ ਨਾ ਹੁੰਦੇ ਤਾਂ ਫਿਰ ਅਕਾਲੀ ਦਲ ਨੂੰ ਕਿਸ ਨੇ ਚਲਾਉਣਾ ਸੀ ? ਫਿਰ ਜਦੋਂ ਸੁਖਵੀਰ ਬਾਦਲ ਆਪਣੀ ਕੌਮ ਨਾਲ ਕੀਤੇ ਗਏ ਧੋਖਿਆਂ, ਫਰੇਬਾਂ ਦਾ ਹਿਸਾਬ ਕਿਤਾਬ ਦੇਣ ਲਈ ਧਰਮਰਾਜ ਦੀ ਕਚਹਿਰੀ ਦੀ ਫਸੀਲ ਅੱਗੇ ਇੱਕ ਮੁਲਜ਼ਮ ਦੇ ਤੌਰ ਉੱਤੇ ਖੜੇ ਹੋਣਗੇ। ਜਿਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਅੱਗੇ ਖੜੇ ਸੀ। ਤਾਂ ਫਿਰ ਕੀ ਉਸ ਸਮੇਂ ਵੀ ਅਕਾਲੀ ਦਲ ਨੂੰ ਚਲਾਉਣ ਵਾਲਾ ਕੋਈ ਨਹੀਂ ਹੋਵੇਗਾ ? ਬੰਦੇ ਦਾ ਤਾਂ ਪਲ ਦਾ ਭਰੋਸਾ ਨਹੀ ਹੈ। ਇਥੇ ਕੀਲੇ ਕਿਸ ਦੇ ਗੱਡੇ ਹੋਏ ਹਨ। ਸੁਖਵੀਰ ਜੀ ਨੇ ਕਿਹੜਾ ਕਾਲ ਮੰਜੇ ਦੇ ਪਾਵੇ ਨਾਲ ਬੰਨ੍ਹਿਆ ਹੋਇਆ ਹੈ।ਕਿ ਉਹ ਅਕਾਲੀ ਦਲ ਚਲਾਉਣ ਲਈ ਹਜ਼ਾਰਾਂ ਸਾਲਾਂ ਤੱਕ ਜਿਉਂਦੇ ਰਹਿਣ ਗੇ।

ਇੰਨਾ ਗੱਲਾਂ ਦਾ ਜਵਾਬ ਸਿੱਖ ਕੌਮ ਨੂੰ ਉਕਤ ਕਾਂਗਰਸੀ ਆਗੂਆਂ ਕੋਲੋਂ ਜ਼ਰੂਰ ਪੁੱਛਣਾ ਚਾਹੁੰਦਾ ਸੀ।ਪਰ ਅਫਸੋਸ ਕਿਸੇ ਵੀ ਸਿੱਖ ਨੇ ਜਾ ਮੀਡੀਏ ਨੇ ਪੱਛਣ ਦੀ ਜ਼ਰੂਰਤ ਹੀ ਨਹੀਂ ਸਮਝੀ।

ਪੰਜਾਬ ਦੇ ਦੋ ਸੀਨੀਅਰ ਕਾਂਗਰਸੀ ਆਗੂਆਂ ਵਲੋਂ ਆਪਣੀ ਮੁੱਖ ਵਿਰੋਧੀ ਧਿਰ ਅਕਾਲੀ ਦਲ ਦੇ ਸੁਪਰੀਮੋ ਦੇ ਹੱਕ ਦੀ ਗੱਲ ਕਰਨ ਅਤੇ ਡਾਕਟਰ ਮਨਮੋਹਨ ਸਿੰਘ ਦੀ ਫੋਟੋ ਦੇ ਫੈਸਲੇ ਨੇ ਕਾਂਗਰਸ ਅਤੇ ਬਾਦਲ ਪਰਵਾਰ ਵਿੱਚ ਜੂਨ 84 ਤੋਂ ਪਹਿਲਾਂ ਦੇ ਗੂੜ੍ਹੇ ਸਬੰਧ ਹੋਣ ਦੀ ਸਪਸ਼ਟ ਪੁਸ਼ਟੀ ਕਰ ਦਿੱਤੀ ਹੈ।

ਬਾਜਵਾ + ਰੰਧਾਵਾ ਜੁੰਡਲੀ ਦੇ ਸੁਖਵੀਰ ਬਾਦਲ ਪ੍ਰਤੀ ਉਕਤ ਹਮਦਰਦੀ ਭਰੇ ਬਿਆਨ ਨੇ ਬਾਦਲਾਂ ਦਾ ਕੋਈ ਫਾਇਦਾ ਨਹੀਂ ਕੀਤਾ।ਸਗੋਂ ਬਾਦਲਾਂ ਦੇ ਖਿਲਾਫ ਸਿੱਖ ਮਨਾਂ ਵਿੱਚ ਮੱਚ ਰਹੇ ਅੱਗ ਦੇ ਭਾਂਬੜ ਉਤੇ ਦੇਸੀ ਘਿਓ ਪਾਏ ਜਾਣ ਜਿੰਨਾ ਕੰਮ ਕੀਤਾ ਹੈ।ਉਕਤ ਕਾਂਗਰਸੀ ਆਗੂਆਂ ਦੇ ਇਸ ਬਿਆਨ ਦਾ ਅਤੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਡਾਕਟਰ ਮਨਮੋਹਨ ਸਿੰਘ ਦੀ ਤਸਵੀਰ ਲਗਾਉਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਦਾ ਗੂੜ੍ਹਾ ਸਬੰਧ ਹੈ।ਇੰਨਾ ਦੋਵੇਂ ਗੱਲਾਂ ਨੇ ਸਿੱਖ ਕੌਮ ਦੀ ਨਿਮਾਇਦਾ ਜਥੇਬੰਦੀ ਕਹਾਉਣ ਦਾ ਰਹਿੰਦਾ ਹੱਕ ਵੀ ਬਾਦਲਾਂ ਕੋਲੋਂ ਹੁਣ ਮੁਕੰਮਲ ਤੌਰ ਉਤੇ ਖੋਹ ਲਿਆ ਹੈ। ਜਿਵੇਂ ਕੌਮੀ ਪਰਵਾਨੇ ਭਾਈ ਦਿਲਾਵਰ ਸਿੰਘ ਦੀ ਕੱਟੀ ਦਾਹੜੀ ਦਾ ਹਵਾਲਾ ਦੇ ਕੇ ਇਹ ਲੋਕ ਪਤਿਤ ਮਨਮੋਹਨ ਸਿੰਘ ਦੀ ਫੋਟੋ ਲਗਾਉਣ ਦੀ ਵਕਾਲਤ ਕਰਦੇ ਹਨ। ਹੋਰ ਨਾ ਕਿਧਰੇ ਜੂਨ 84 ਦੇ ਸਭ ਤੋਂ ਪਹਿਲੇ ਸ਼ਹੀਦ ਭਾਈ ਮਹਿੰਗਾ ਸਿੰਘ ਦੀ ਉਧਾਰਣ ਦੇ ਕੇ ਸ਼੍ਰੋਮਣੀ ਕਮੇਟੀ ਵਲੋਂ ਮਨਮੋਹਨ ਸਿੰਘ ਦਾ ਸਸਕਾਰ ਦਰਬਾਰ ਸਾਹਿਬ ਕੰਪਲੈਕਸ ਵਿੱਚ ਕਰਨ ਦੀ ਆਗਿਆ ਨਾ ਦੇ ਦਿੱਤੀ ਗਈ। ਕਿਉਂਕਿ ਅਜ਼ਾਦੀ ਪਿੱਛੋਂ ਚਲਦੀ ਪ੍ਰੰਪਰਾ ਤੋਂ ਉਲਟ ਮਰਹੂਮ ਡਾਕਟਰ ਮਨਮੋਹਨ ਸਿੰਘ ਦਾ ਸਸਕਾਰ ਰਾਜਘਾਟ ਵਿਚ ਕਰਨ ਤੋਂ ਭਾਰਤੀ ਹਕੂਮਤ ਨੇ ਸਖ਼ਤੀ ਨਾਲ ਰੋਕ ਦਿੱਤਾ ਸੀ

ਪਰ ਹੁਣ ਇਸ ਪਤਿਤ ਸਿੱਖ ਦੀ ਫੋਟੋ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਮਤਾ ਪਾਸ ਕਰਾਕੇ ਬਾਦਲ ਦਲ ਵਲੋਂ ਕਾਂਗਰਸ ਨਾਲ ਗਠਜੋੜ ਕਰਨ ਦੀ ਇਹ ਤਾਂ ਹਾਲੇ ਰਹਿਸਲ ਹੀ ਕੀਤੀ ਜਾ ਰਹੀ ਹੈ।ਮਤਲਬ ਇਹ ਸਿੱਖ ਕੌਮ ਦੇ ਟੀਕਾ ਲਗਾ ਕੇ ਦੇਖਿਆ ਜਾ ਰਿਹਾ ਹੈ।ਸੁਖਵੀਰ ਦੇ ਕਾਂਗਰਸ ਨਾਲ ਹੋਣ ਜਾ ਰਹੇ ਸਿਆਸੀ ਸਮਝੌਤੇ ਤੋਂ ਪਹਿਲਾਂ ਪਹਿਲਾਂ ਡਾ ਮਨਮੋਹਨ ਸਿੰਘ ਦੀ ਫੋਟੋ ਲਗਾ ਕੇ ਸੁਖਵੀਰ ਵਲੋਂ ਕੌਮ ਦੇ ਰੋਹ ਦੀ ਪਰਖ ਕੀਤੀ ਜਾ ਰਹੀ ਹੈ। ਕਿਉਂਕਿ ਬਾਦਲ ਦਲ ਨੇ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਨਾਲ ਸਮਝੌਤਾ ਕਰਕੇ ਲੜੀਆਂ ਜਾਣੀਆਂ ਹਨ।ਦੋਵੇਂ ਚੋਣ ਦੰਗਲ ਲੜਨ ਲਈ ਬਾਦਲ ਸਾਹਿਬ ਹੁਣੇ ਤੋਂ ਸਿੱਖ ਕੌਮ ਦੀ ਮਿੰਨੀ ਪਾਰਲੀਮੈਂਟ ਰਾਹੀਂ ਕੇਂਦਰੀ ਸਿੱਖ ਅਜਾਇਬ ਘਰ ਤੋਂ ਜੰਗੀ ਮਸ਼ਕਾਂ ਸ਼ੁਰੂ ਕਰਨ ਜਾ ਰਹੇ ਹਨ।

ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਤਾਕਤ ਬਾਦਲ ਦਲ ਦੇ ਸਹਿਯੋਗ ਨਾਲ ਕਾਂਗਰਸ ਦੇ ਹੱਥ ਵਿੱਚ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਤਾਕਤ ਕਾਂਗਰਸ ਦੇ ਸਹਿਯੋਗ ਨਾਲ ਬਾਦਲ ਪਰਵਾਰ ਦੇ ਹੱਥ ਵਿੱਚ ਦੇਣ ਲਈ ਸਰਦਾਰ ਸਰਨਾ ਰਾਹੀਂ ਬਾਦਲ ਦਲ ਅਤੇ ਕਾਂਗਰਸ ਵਿਚਕਾਰ ਇੱਕ ਸਮਝੌਤਾ ਨੇਪਰੇ ਚੜ੍ਹ ਚੁੱਕਿਆ ਹੈ।ਸੋ ਸਿੱਖ ਭਰਾਵੋ ਤੁਸੀਂ ਹੁਣ ਤੋਂ ਹੀ ਖ਼ਬਰਦਾਰ ਹੋ ਜਾਓ।

ਜੇਕਰ ਡਾ ਮਨਮੋਹਨ ਸਿੰਘ ਦੀ ਤਸਵੀਰ ਲਗਾਉਣ ਦਾ ਪੰਥਕ ਧਿਰਾਂ ਵਿਰੋਧ ਕਰਦੀਆਂ ਹਨ।ਫਿਰ ਤਾਂ ਇਹ ਬਾਦਲਾਂ ਲਈ ਸੋਨੇ ਉਤੇ ਸੁਹਾਗਾ ਹੋਵੇਗਾ।ਸਿਰੇ ਦੇ ਸਟੰਟ ਬਾਜ ਪਿਓ ਦੇ ਪੁੱਤ ਸੁਖਵੀਰ ਬਾਦਲ ਨੇ ਆਪਣੀਆਂ ਵਿਰੋਧੀ ਪੰਥਕ ਧਿਰਾਂ ਲਈ ਇਹ ਮਸਲਾ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਰਗਾ ਬਣਾਕੇ ਰੱਖ ਦਿੱਤਾ ਹੈ ਉਹ ਜੇਕਰ ਵਿਰੋਧ ਕਰਦੇ ਹਨ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਕਾਂਗਰਸ ਬਾਦਲਾਂ ਦੇ ਖੇਮੇ ਵਿੱਚ ਭੁਗਤ ਕੇ ਪੰਥਕ ਧਿਰਾਂ ਦਾ ਨੁਕਸਾਨ ਕਰੇਗੀ।ਪਰ ਜੇਕਰ ਚੁੱਪ ਬੈਠਦੇ ਹਨ ਤਾਂ ਫਿਰ ਪੰਥਕ ਧਿਰਾਂ ਸਿੱਖ ਕੌਮ ਦੇ ਰੋਹ ਦਾ ਸ਼ਿਕਾਰ ਹੋ ਸਕਦੀਆਂ ਹਨ।ਬਾਦਲ ਵਿਰੋਧੀ ਧਿਰਾਂ ਵਿੱਚੋਂ ਖਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨਾਲ ਹੋਂਦ ਵਿੱਚ ਆ ਰਹੇ ਅਕਾਲੀ ਦਲ ਦੀ ਪੰਜ ਮੈਂਬਰੀ ਭਰਤੀ ਕਮੇਟੀ ਲਈ " ਖਾਂਦਾ ਹੈ ਤਾਂ ਕੋਹੜੀ ਜੇਕਰ ਛੱਡਦਾ ਹੈ ਤਾਂ ਕਲੰਕੀ,, ਵਾਲੀ ਗੱਲ ਬਣਾਉਣ ਦੀ ਸੁਖਵੀਰ ਨੇ ਇਹ ਕੋਸ਼ਿਸ਼ ਜ਼ਰੂਰ ਕੀਤੀ ਹੈ।ਪਰ ਭਰਤੀ ਕਮੇਟੀ ਵਾਲੇ ਆਗੂ ਬੜੇ ਸਿਆਣੇ ਹਨ।ਉਨ੍ਹਾਂ ਨੇ ਆਪਣੇ ਅਕਾਲੀ ਦਲ ਦੀ ਭਰਤੀ ਮੁਕੰਮਲ ਹੋਣ ਤੱਕ ਸਿਆਸੀ ਪੱਖੋਂ ਚੁੱਪ ਰਹਿਣ ਦਾ ਸੰਕਲਪ ਲਿਆ ਹੋਇਆ ਹੈ। ਜਿਵੇਂ ਸੰਧੂਰ ਕਾਂਡ ਅਤੇ ਪੰਜਾਬੀ ਨਹਿਰਾਂ ਦੇ ਪਾਣੀਆਂ ਦੇ ਵਿਵਾਦ ਤੋਂ ਦੂਰ ਰਹਿ ਕੇ ਆਪਣੀ ਦੂਰ ਅੰਦੇਸ਼ੀ ਦਾ ਉਨ੍ਹਾਂ ਆਗੂਆਂ ਨੇ ਸਬੂਤ ਦਿੱਤਾ ਹੈ।ਉਹ ਆਗੂ ਸੁਖਵੀਰ ਪ੍ਰਤੀ " ਭੱਜਦਿਆਂ ਨੂੰ ਵਾਹਣ ਇੱਕੋ ਜਿਹੇ ,, ਦੀ ਨੀਤੀ ਉਤੇ ਚਲ ਰਹੇ ਹਨ।ਉਨ੍ਹਾਂ ਉਤੇ ਕੌਮ ਨੂੰ ਬੜੀਆਂ ਵੱਡੀਆਂ ਆਸਾ ਵੀ ਹਨ।ਅਸੀਂ ਆਸ ਕਰਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਭਰਤੀ ਕਮੇਟੀ ਬਾਦਲਾਂ ਦੇ ਵਿਹੜੇ ਵਿੱਚ ਚਾਰ ਦਹਾਕਿਆਂ ਤੋਂ ਲਹਿਰਾ ਰਹੇ ਜ਼ੁਲਮ ਦੇ ਬੂਟੇ ਦੀ ਜੜ ਪੁੱਟ ਕੇ ਨਿਵੇਕਲਾ ਸਿੱਖ ਇਤਿਹਾਸ ਸਿਰਜੇਗੀ।ਉਹ ਬਾਦਲਾਂ ਦੀ ਲੰਕਾ ਸਰ ਕਰਨ ਲਈ ਬਾਦਲਾਂ ਦੇ ਘਰ ਦੇ ਭੇਤੀ ਸਿੱਧ ਹੋਏ ਹਨ।

ਭਾਵੇਂ ਅਸੀਂ ਇਹ ਮੰਨਦੇ ਹਾਂ ਕਿ ਜੂਨੀਅਰ ਬਾਦਲ ਸਾਹਿਬ ਨੇ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਖੇਡੀਆਂ ਹੋਈਆਂ।ਅਨੰਦਗੜ੍ਹ ਕਿਲ੍ਹੇ ਸਾਹਮਣੇ ਪਾਤਸ਼ਾਹ ਕੋਲ ਆਟੇ ਦੀਆਂ ਗਊਆਂ ਦੀਆਂ ਕਸਮਾਂ ਖਾਣ ਵਾਲੇ ਬਾਈ ਧਾਰਾ ਦੇ ਪਹਾੜੀ ਰਾਜਿਆਂ ਨਾਲੋਂ ਵੀ ਕਈ ਗੁਣਾ ਵੱਡੇ ਫਰੇਬੀ ਪਿਓ ਮਰਹੂਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਉਹ ਫਰਜ਼ੰਦ ਹਨ।

ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਵਿੱਚ ਬਾਦਲ ਦਲ ਦਾ ਸਮਝੌਤਾ ਉਸ ਕਾਂਗਰਸ ਨਾਲ ਹੋਣ ਜਾ ਰਿਹਾ ਹੈ।ਜਿਹੜੀ ਕਾਂਗਰਸ ਨੂੰ ਸਿੱਖ ਕੌਮ ਦੀ ਮੁੱਖ ਦੁਸ਼ਮਣ ਕਹਿ ਕਹਿ ਕੇ ਵੱਡੇ ਬਾਦਲ ਸਾਬ੍ਹ 30-35 ਸਾਲ ਰਾਜਭਾਗ ਮਾਣ ਕੇ ਗਏ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਤਾਂ ਆਰ ਐਸ ਐਸ ਦੇ ਮੁੱਖੀ ਸ੍ਰੀ ਮੋਹਣ ਭਾਗਵਤ ਦੀ ਫੋਟੋ ਵੀ ਜਿਉਂਦੇ ਦੀ ਹੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਨੂੰ ਫਿਰਦੇ ਸੀ।ਇਹ ਗੱਲ ਸਾਨੂੰ ਬੜੇ ਭਰੋਸੇ ਯੋਗ ਸੂਤਰਾਂ ਤੋਂ ਪਤਾ ਲੱਗੀ ਹੈ।

ਪਰ ਹੁਣ ਸੁਖਵੀਰ ਸਿੰਘ ਬਾਦਲ ਕਾਂਗਰਸ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਫੋਟੋ ਸਿੱਖ ਅਜਾਇਬ ਘਰ ਵਿੱਚ ਲਗਾ ਕੇ ਆਪਣੀ ਨਵੀਂ ਸਿਆਸੀ ਜ਼ਿੰਦਗੀ ਸ਼ੁਰੂ ਕਰਨ ਲਈ ਜਾ ਰਹੇ ਹਨ।ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮੋਹਨ ਭਗਵਤ ਦਾ ਸਹਾਰਾ ਤਾਂ ਉਸ ਦੇ ਜਿਉਂਦੇ ਜੀਅ ਲਿਆ ਹੈ।ਪਰ ਛੋਟੇ ਬਾਦਲ ਸਾਹਿਬ ਹੁਣ ਡਾਕਟਰ ਮਨਮੋਹਨ ਸਿੰਘ ਜੀ ਦਾ ਸਹਾਰਾ ਉਨ੍ਹਾਂ ਦੇ ਮਰਨ ਉਪਰੰਤ ਇੱਕ ਸਾਲ ਪਿੱਛੋਂ ਸ਼ੁਰੂ ਕਰਕੇ ਸਦੀਆਂ ਤੱਕ ਲੈਣ ਦੀ ਰਣਨੀਤੀ ਬਣਾ ਰਹੇ ਹਨ।

ਬਾਦਲ ਪਰਵਾਰ ਪੌਣੀ ਸਦੀ ਪਹਿਲਾਂ ਰਾਜਨੀਤੀ ਦੀ ਪੌੜੀ ਕਾਂਗਰਸ ਦੇ ਡੰਡੇ ਉਤੇ ਪੈਰ ਧਰ ਕੇ ਹੀ ਚੜ੍ਹਿਆ ਸੀ।ਅਤੇ ਕਾਂਗਰਸ ਦੀ ਪੌੜੀ ਦੇ ਡੰਡੇ ਉਤੇ ਪੈਰ ਰੱਖ ਕੇ ਹੀ ਆਪਣੀ ਰਾਜਨੀਤੀ ਦੇ ਪਤਨ ਵੱਲ ਵਧੇਗਾ। ਕਾਂਗਰਸ ਨਾਲ ਗੱਠਜੋੜ ਉਪਰੰਤ ਬਾਦਲਾਂ ਦਾ ਨਿੱਜੀ ਅਕਾਲੀ ਦਲ ਆਪਣਾ ਪੰਥਕ ਸਰੂਪ ਮੁਕੰਮਲ ਤੌਰ ਉਤੇ ਗੁਆਚ ਬੈਠੇ ਗਾ । ਸੁਖਵੀਰ ਬਾਦਲ ਜੀ ਇਸ ਗੱਲ ਤੋਂ ਕੋਰੇ ਅਣਜਾਣ ਹਨ।ਕਿ ਕਾਂਗਰਸ ਦੇ ਅਤਿ ਨਜ਼ਦੀਕੀ ਰਹੇ ਸਾਬਕਾ ਅਕਾਲੀ ਮੁੱਖ ਮੰਤਰੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਨਾਲੋਂ ਵੱਧੀਆ ਸਬੰਧ ਤਾਂ ਉਹ ਕਾਂਗਰਸ ਨਾਲ ਬਣਾ ਨਹੀਂ ਸਕਦੇ। ਬਰਨਾਲਾ ਸਾਹਿਬ ਨੇ ਵੀ ਸੁਖਬੀਰ ਬਾਦਲ ਵਾਂਗ ਸਿੱਖ ਨੌਜਵਾਨਾਂ ਨੂੰ ਥੋਕ ਵਿੱਚ ਮਾਰਨ ਦੀ ਘੋਰ ਅਵੱਗਿਆ ਕੀਤੀ ਸੀ।ਪਰ ਉਨ੍ਹਾਂ ਨੇ ਰਾਜਨੀਤੀ ਲਈ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਹੀਂ ਕਰਾਈ ਸੀ।ਸਗੋਂ ਬਰਨਾਲਾ ਪਰਵਾਰ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਪਣੇ ਘਰ ਵਿੱਚ ਵੀ ਪ੍ਰਕਾਸ਼ ਕਰ ਰੱਖਿਆ ਹੋਇਆ ਸੀ।ਆਪਣਾ ਪੰਥਕ ਚੇਹਰਾ ਸਲਾਮਤ ਰੱਖਣ ਲਈ ਸਰਦਾਰ ਬਰਨਾਲਾ ਨੇ ਤਾਂ ਸੁਖਵੀਰ ਜੀ ਤੋਂ ਦੋ ਕਦਮ ਅੱਗੇ ਜਾ ਕੇ ਸ੍ਰੀ ਅਕਾਲ ਤਖ਼ਤ ਦੇ ਥੰਮ ਨਾਲ ਬਾਹਵਾਂ ਬੰਨ੍ਹਵਾ ਕੇ " ਮੈਂ ਪਾਪੀ ਤੂੰ ਬਖਸ਼ਣਹਾਰ ,, ਦੀ ਤਖ਼ਤੀ ਗਲੇ ਵਿੱਚ ਪਵਾ ਕੇ ਤਨਖਾਹ ਵੀ ਲਗਵਾ ਲਈ ਸੀ।ਉਨਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਦੀ ਮਿਲੀ ਭੁਗਤ ਨਾਲ ਲੱਤ ਟੁੱਟਣ ਦਾ ਡਰਾਮਾ ਕਰਕੇ ਕੁਰਸੀ ਉਤੇ ਬੈਠ ਕੇ ਸਜ਼ਾ ਨਹੀਂ ਭੁਗਤੀ ਸੀ। ਸੁਰਜੀਤ ਸਿੰਘ ਬਰਨਾਲਾ ਨੇ ਹਮਦਰਦੀ ਬਟੋਰਨ ਲਈ ਕਦੇ ਖੱਬੀ ਕਦੇ ਸੱਜੀ ਬਾਂਹ ਝੋਲੇ ਵਿੱਚ ਨਹੀਂ ਪਾਈ ਸੀ। ਪਰ ਬਰਨਾਲਾ ਸਹਿਬ ਵਲੋਂ ਭੁਗਤੀ ਉਸ ਧਾਰਮਿਕ ਤਨਖਾਹ ਤੋਂ ਅੱਜ 35 ਸਾਲਾਂ ਬਾਅਦ ਤੱਕ ਵੀ ਸਿੱਖ ਕੌਮ ਨੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਤੀਜੀ ਪੀੜ੍ਹੀ ਨੂੰ ਵੀ 100 % ਤਾਂ ਬੜੀ ਦੂਰ ਦੀ ਗੱਲ ਸਗੋਂ 50 % ਵੀ ਮੁਆਫ਼ ਨਹੀਂ ਕੀਤਾ ਹੈ।ਕੌਮ ਨੇ ਉਸ ਪਰਵਾਰ ਦੇ ਲੰਘੇ 37 ਸਾਲਾਂ ਦੌਰਾਨ ਸਿੱਖ ਰਾਜਨੀਤੀ ਵਿੱਚ ਪੈਰ ਹੀ ਨਹੀਂ ਲੱਗਣ ਦਿੱਤੇ।ਸੁਰਜੀਤ ਸਿੰਘ ਬਰਨਾਲਾ ਦੇ ਸਪੁੱਤਰ ਤੋਂ ਪਿੱਛੋਂ ਉਨ੍ਹਾਂ ਦੇ ਪੋਤਰੇ ਨੂੰ ਵੀ ਸਿੱਖ ਰਾਜਨੀਤੀ ਵਿੱਚ ਉਹ ਸਥਾਨ ਨਹੀਂ ਮਿਲਿਆ ਜਿਹੜਾ ਇੱਕ ਸਾਬਕਾ ਮੁੱਖ ਮੰਤਰੀ ਦੇ ਪਰਵਾਰ ਨੂੰ ਮਿਲਦਾ ਹੁੰਦਾ ਹੈ।

ਇਹ ਕਿੰਨੀ ਵੱਡੀ ਗੱਲ ਹੈ ਕਿ ਸਿੱਖ ਕੌਮ ਨੇ ਤਾਂ ਬਰਨਾਲਾ ਪਰਵਾਰ ਦੇ ਮਾਮਲੇ ਵਿੱਚ ਉਸ ਇਤਿਹਾਸਕ ਫੈਸਲੇ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਹੈ।ਜਿਹੜਾ ਫੈਸਲਾ ਅੱਜ ਤੋਂ ਸਵਾ ਤਿੰਨ ਸਦੀਆਂ ਪਹਿਲਾਂ 11 ਪੋਹ 1704 ਦੇ ਦਿਨ ਸਰਹਿੰਦ ਦੀ ਇਤਹਾਸਕ ਧਰਤੀ ਉੱਤੇ ਹੋਇਆ ਸੀ।ਜਦੋਂ ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਸੂਬਾ ਸਰਹਿੰਦ ਦੀ ਭਰੀ ਕਚਹਿਰੀ ਵਿੱਚੋਂ ਇਸਲਾਮਿਕ ਕਨੂੰਨ ਸ਼ਰਾਅ ਦਾ ਹਵਾਲਾ ਦੇ ਕੇ ਵਾਕ ਆਊਟ ਕਰ ਗਏ ਸੀ।ਇਹ ਕਹਿ ਕੇ ਕਿ ਕਿਸੇ ਬੰਦੇ ਨੂੰ ਉਸ ਦੇ ਪੁਰਖਿਆਂ ਵਲੋਂ ਕੀਤੇ ਹੋਏ ਗੁਨਾਹਾਂ ਦੀ ਸਜ਼ਾ ਦੇਣ ਦੀ ਸਾਡਾ ਧਾਰਮਿਕ ਕਨੂੰਨ ਸ਼ਰਾਅ ਬਿਲਕੁਲ ਵੀ ਵਕਾਲਤ ਨਹੀਂ ਕਰਦਾ।ਪਰ ਖਾਲਸਾ ਜੀ ਜੇਕਰ ਦੇਖਿਆ ਜਾਵੇ ਤਾਂ ਬਾਦਲ ਪਰਵਾਰ ਦੇ ਗੁਨਾਹਾਂ ਅੱਗੇ ਬਰਨਾਲਾ ਪਰਵਾਰ ਦੇ ਗੁਨਾਹ ਤਾਂ ਆਟੇ ਵਿੱਚ ਲੂਣ ਵੀ ਨਹੀਂ ਸਨ। ਸੁਖਵੀਰ ਬਾਦਲ ਇਸ ਭੁਲੇਖੇ ਵਿੱਚ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਰਿਵਾਇਤੀ ਚੋਣ ਨਿਸ਼ਾਨ ਤੱਕੜੀ ਸਾਡੇ ਕੋਲ ਹੈ। ਜਿਹੜੇ ਬੰਦੇ ਨੂੰ ਇਹ ਵੀ ਨਹੀਂ ਪਤਾ ਕਿ ਮੇਰੀ ਬਾਂਹ ਕਿਹੜੀ ਟੁੱਟੀ ਹੋਈ ਹੈ।ਉਸ ਨੂੰ ਇਸ ਗੱਲ ਦਾ ਭਲਾਂ ਕੀ ਪਤਾ ਹੋਵੇਗਾ ਕਿ ਤੱਕੜੀ ਚੋਣ ਨਿਸ਼ਾਨ ਤਾਂ ਸੁਰਜੀਤ ਸਿੰਘ ਬਰਨਾਲਾ ਕੋਲ ਵੀ ਸੀ। ਜਦੋਂ ਕੌਮ ਨੇ ਉਸ ਨੂੰ ਵੱਟੋ ਵੱਟ ਤੋਰਿਆ ਸੀ। ਜਿਵੇ ਹੁਣ ਬਾਦਲ ਪਰਵਾਰ ਨੂੰ ਤੋਰਿਆ ਹੋਇਆ ਹੈ।

ਜਿਹੜੀ ਕੌਮ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ ਤੋਂ ਚੱਲ ਕੇ ਲੰਡਨ ਦੇ ਕੈਕਸਟਨ ਹਾਲ ਤੱਕ ਸੀਮਤ ਸਾਧਨਾਂ ਰਾਹੀਂ ਆਪਣੇ ਦੁਸ਼ਮਣ ਦਾ 21 - 21 ਸਾਲਾਂ ਤੱਕ ਪਿੱਛਾ ਕਰ ਸਕਦੀ ਹੈ।ਉਹ ਕੌਮ 35 ਸਾਲ ਪਿੱਛੋਂ ਵੀ ਬਰਨਾਲਾ ਪਰਵਾਰ ਨੂੰ ਨਹੀਂ ਭੁੱਲੀ।ਉਹ ਕੌਮ ਆਹ ਕਲ੍ਹ ਦੀ ਗੱਲ ਨੂੰ ਭਲਾਂ ਕਿਵੇਂ ਭੁੱਲ ਸਕਦੀ ਹੈ।ਜਿਹੜੀਆਂ ਬਾਦਲਾਂ ਦੀ ਅਣਪਛਾਤੀ ਪੁਲਿਸ ਨੇ ਨਾਮ ਜਪ ਰਹੀਆਂ ਸਿੱਖ ਸੰਗਤਾਂ ਉਤੇ ਗੋਲੀਆਂ ਚਲਾਈਆਂ ਹੋਈਆਂ ਹਨ। ਜਿਹੜੇ ਬਾਦਲਾਂ ਨੇ ਸਿੱਖਾਂ ਦੇ ਪੁੱਤਰਾਂ ਦੇ ਕਾਤਲ ਪੁਲਿਸ ਵਾਲਿਆਂ ਨੂੰ ਤਰੱਕੀਆਂ ਦਿੱਤੀਆਂ ਹੋਈਆਂ ਸੀ।

ਸਰਦਾਰ ਊਧਮ ਸਿੰਘ ਦੇ ਐਕਸ਼ਨ ਅਤੇ ਸਰਦਾਰ ਬਰਨਾਲਾ ਦੀ ਤਨਖਾਹ ਨਾਲ ਸਬੰਧਤ ਇੰਨਾ ਦੋ ਇਤਿਹਾਸਕ ਸਿੱਖ ਘਟਨਾਵਾਂ ਦਾ ਗਿਆਨ ਉਸ ਵਿਅਕਤੀ ਨੂੰ ਭਲਾਂ ਕੀ ਹੋ ਸਕਦਾ ਹੈ। ਜਿਹੜਾ ਆਪਣੇ ਖੁਦ ਦੇ ਪਿਤਾ ਨੂੰ " ਆਹ ਬੈਠੇ ਹਨ ਮੇਰੇ ਪਿਤਾ ਸਮਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ,, ਇਹ ਗੱਲ ਪੰਜਾਹ ਹਜ਼ਾਰ ਲੋਕਾਂ ਦੇ ਇਕੱਠ ਵਿੱਚ ਸਟੇਜ ਉੱਤੇ ਖੜ੍ਹ ਕੇ ਕਹਿ ਸਕਦਾ ਹੈ। ਅਫਸੋਸ ਕੀ ਕੀਤਾ ਜਾ ਸਕਦਾ ਹੈ ਕਿ ਆਪਣੇ ਪਿਤਾ ਦੀ ਪਹਿਚਾਣ ਭੁੱਲ ਜਾਣ ਵਾਲੇ ਬੰਦੇ ਨੂੰ ਕੌਮ ਨੇ ਆਪਣਾ ਆਗੂ ਮੰਨ ਰੱਖਿਆ ਸੀ।

40 ਸਾਲਾਂ ਤੋਂ ਬਾਦਲਾਂ ਦੇ ਨਜਾਇਜ਼ ਕਬਜ਼ੇ ਹੇਠ ਚਲ ਰਹੀ ਇਕ ਸਦੀ ਪੁਰਾਣੀ ਪਾਰਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਬਾਦਲਾਂ ਕੋਲ ਇਸ ਸਮੇਂ ਵਿਧਾਨ ਸਭਾ ਵਿੱਚ ਮੈਂਬਰਾਂ ਦੀ ਗਿਣਤੀ ਜ਼ੀਰੋ ਹੈ।ਜਦ ਕਿ ਜਿਹੜਾ ਅਕਾਲੀ ਦਲ ਹਾਲੇ ਹੋਂਦ ਵਿੱਚ ਆਇਆ ਵੀ ਨਹੀਂ ਉਹ ਸਰਦਾਰ ਇਯਾਲੀ ਦੇ ਰੂਪ ਵਿੱਚ ਪਹਿਲਾਂ ਹੀ ਇਹ ਜ਼ੀਰੋ ਭੰਨ ਚੁੱਕਿਆ ਹੈ।ਪੰਜਾਬ ਵਿਧਾਨ ਸਭਾ ਵਿੱਚ ਜ਼ੀਰੋ ਤੱਕ ਤਾਂ ਗ੍ਰਾਫ ਉਨ੍ਹਾਂ ਸਮਿਆਂ ਵਿੱਚ ਸਰਦਾਰ ਸੁਰਜੀਤ ਸਿੰਘ ਬਰਨਾਲਾ ਦਾ ਵੀ ਨਹੀਂ ਆਇਆ ਸੀ। ਸ੍ਰੀ ਅਕਾਲ ਤਖ਼ਤ ਨੂੰ ਤੋਪਾਂ ਦੇ ਗੋਲਿਆਂ ਨਾਲ ਛੱਲਣੀ ਕਰਨ ਵਾਲੀ ਕਾਂਗਰਸ ਦਾ ਵੀ ਨਹੀਂ ਆਇਆ ਸੀ। ਇੰਨਾ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਸੁਖਵੀਰ ਬਾਦਲ ਨੂੰ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਸੀ।

ਬਾਦਲ ਪਰਵਾਰ ਦੇ ਸਮਰਥਕ ਇਕਲੌਤੇ ਸਿੱਖ ਨਜ਼ਰਬੰਦ ਭਾਈ ਰਾਜੋਆਣਾ ਨੇ ਵੀ ਹੁਣ ਡਾਕਟਰ ਮਨਮੋਹਨ ਸਿੰਘ ਦੀ ਫੋਟੋ ਦਾ ਵਿਰੋਧ ਕਰ ਦਿੱਤਾ ਹੈ।ਪਰ ਸੁਖਵੀਰ ਬਾਦਲ ਨੇ ਭਾਈ ਰਾਜੋਆਣਾ ਨੂੰ ਪਤਿਆਉਣ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਪੇਸ਼ਕਸ਼ ਕਰ ਦਿੱਤੀ ਹੈ। ਪਰ ਜਿਹੜਾ ਸਿੱਖ ਯੋਧਾ ਜੱਜ ਦੇ ਸਾਹਮਣੇ ਹਿੱਕ ਉਤੇ ਹੱਥ ਮਾਰਕੇ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦਾ ਇਕਬਾਲੀਆ ਬਿਆਨ ਦੇ ਸਕਦਾ ਹੈ।ਉਸ ਸਿੱਖ ਯੋਧੇ ਨੂੰ ਮਨਮੋਹਨ ਸਿੰਘ ਦੀ ਫੋਟੋ ਲਗਾਉਣ ਲਈ ਸਹਿਮਤ ਕਰਨ ਵਾਸਤੇ ਸਰਨਾ + ਸੁਖਵੀਰ ਵਲੋਂ ਦੇਖੋ ਕਿੰਨੇ ਕੋਝੇ ਹਥਕੰਡੇ ਵਰਤੇ ਜਾ ਰਹੇ ਹਨ ਵਾਹਿਗੁਰੂ ਵਾਹਿਗੁਰੂ।

ਪਰ ਇੱਕ ਹੋਰ ਗੱਲ ਪੱਕੀ ਹੈ।ਕਿ ਬਾਦਲ ਦਲ ਵਿੱਚ 40 ਸਾਲਾਂ ਤੋਂ ਚੱਲ ਰਹੀ ਪ੍ਰੰਪਰਾ ਦੇ ਉਲਟ ਚੋਣਾਂ ਸਮੇਂ ਉਨ੍ਹਾਂ ਦੀਆਂ ਗੱਡੀਆਂ ਦੇ ਪਿੱਛਲੇ ਸ਼ੀਸ਼ਿਆਂ ਉਤੇ ਇਸ ਵਾਰ ਜੂਨ 84 ਵਿੱਚ ਕਾਂਗਰਸ ਵਲੋਂ ਤੋਪਾਂ ਦੇ ਗੋਲਿਆਂ ਨਾਲ ਢਾਹੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫੋਟੋ ਨਹੀਂ ਲੱਗੀ ਹੋਈ ਹੋਵੇਗੀ।

ਸਗੋਂ ਇਸ ਵਾਰ ਤਾਂ ਗੱਡੀਆਂ ਦੇ ਪਿਛਲੇ ਸ਼ੀਸ਼ਿਆਂ ਉਤੇ ਲੱਗੀ ਹੋਈ ਫੋਟੋ ਵਿੱਚ ਸੁਖਵੀਰ ਬਾਦਲ ਕਾਂਗਰਸੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨੂੰ ਕੱਚੇ ਦੁੱਧ ਨਾਲ ਇਸ਼ਨਾਨ ਕਰਾਉਂਦੇ ਨਜ਼ਰ ਆਉਣਗੇ।ਖਾਲਸਾ ਜੀ ਤੁਸੀਂ ਸੁਖਵੀਰ ਬਾਦਲ ਦੀ ਰਣਨੀਤੀ ਤੋਂ ਖ਼ਬਰਦਾਰ ਰਹੋ ।

ਜਿਹੜਾ ਸੂਰਜ ਚੜ੍ਹਿਆ ਹੈ ਉਸ ਨੇ ਕਦੇ ਤਾਂ ਅਸਤ ਹੋਣਾ ਹੀ ਹੁੰਦਾ ਹੀ ਹੈ। ਪੰਜਾਬੀ ਦੀ ਕਹਾਵਤ ਹੈ

" ਸਦਾ ਨਾ ਬਾਗੀ ਬੁਲਬੁਲ ਬੋਲੇ ਸਦਾ ਨਾ ਮੌਜ ਬਹਾਰਾਂ ,,

## ਪਿੰਡ ਮਾਣੂੰਕੇ ਸੰਧੂ ਦੇ ਪ੍ਰਸਿੱਧ ਅਸਥਾਨ ਬਾਬਾ ਕਾਲਾ ਮਹਿਰ ਦੀ

# ਪ੍ਰਬੰਧਕੀ ਕਮੇਟੀ ਦਾ ਵਿਸਥਾਰ ਕਰਕੇ ਨਵੇਂ ਅਹੁਦੇਦਾਰਾਂ ਦੀ ਕੀਤੀ ਚੋਣ

### ਕਬੱਡੀ ਖਿਡਾਰੀ ਰਹੇ ਹਰਪ੍ਰੀਤ ਸਿੰਘ ਹੈਪੀ ਨੂੰ ਪ੍ਰਧਾਨ ਅਤੇ ਗੁਰਜਿੰਦਰ ਸਿੰਘ ਬਿੱਟੂ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ







ਜਗਰਾਉਂ (ਵਰਿਆਮ ਹਠੂਰ)- ਇਤਿਹਾਸਕ ਪਿੰਡ ਮਾਣੂੰਕੇ ਸੰਧੂ ਦੇ ਪ੍ਰਸਿੱਧ ਧਾਰਮਿਕ ਅਸਥਾਨ ਬਾਬਾ ਕਾਲਾ ਮਹਿਰ ਜੀ ਵਿਖੇ ਅੱਜ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ ਦੀ ਅਗਵਾਈ 'ਚ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਪਿੰਡ ਦੇ ਮੋਹਤਬਰਾਂ, ਨੌਜਵਾਨਾਂ, ਸੇਵਾਦਾਰਾਂ ਅਤੇ ਮਹਿਲਾਵਾਂ ਨੇ ਸ਼ਮੂਲੀਅਤ ਕੀਤੀ। ਗ੍ਰਾਮ ਪੰਚਾਇਤ ਦੀ ਲੰਬਾ ਸਮਾਂ ਚੱਲੀ ਮੀਟਿੰਗ ਤੋਂ ਬਾਅਦ ਅਹਿਮ ਫੈਸਲੇ ਲਏ ਗਏ, ਇਸ ਮੌਕੇ ਬੋਲਦਿਆਂ ਪਿੰਡ ਮਾਣੂੰਕੇ ਦੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਸਮੁੱਚੀ ਗ੍ਰਾਮ ਪੰਚਾਇਤ ਵੱਲੋਂ ਵਿਚਾਰ ਕੀਤੀ ਜਾ ਰਹੀ ਸੀ ਕਿ ਪੰਚਾਇਤ ਦੀ ਮੀਟਿੰਗ ਬਾਬਾ ਕਾਲਾ ਮਹਿਰ ਜੀ ਦੇ ਅਸਥਾਨ 'ਤੇ ਹੀ ਕੀਤੀ ਜਾਵੇ, ਤਾਂ ਕਿ ਕਮੇਟੀ ਦਾ ਵਿਸਥਾਰ ਵੀ ਕੀਤਾ ਜਾ ਸਕੇ। ਨਗਰ ਨਿਵਾਸੀਆਂ ਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਕਰੀਬ ਦੋ ਘੰਟੇ ਵਿਚਾਰ ਚਰਚਾ ਕਰਨ ਤੋਂ ਬਾਅਦ ਇਸ ਅਸਥਾਨ ਦੀ ਸੇਵਾ ਤੇ ਅਧੂਰੇ ਕਾਰਜਾਂ ਨੂੰ ਕਰਨ ਲਈ ਕਮੇਟੀ ਦਾ ਵਿਸਥਾਰ ਕੀਤਾ ਗਿਆ ਅਤੇ ਬਿਨ੍ਹਾਂ ਕਿਸੇ ਮਤਭੇਦ ਦੇ ਸਰਬਸੰਮਤੀ ਨਾਲ ਪ੍ਰਬੰਧਕੀ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿਚ ਸਰਪੰਚ ਹਰਪ੍ਰੀਤ ਸਿੰਘ ਮਾਣੂੰਕੇ ਨੂੰ ਕਮੇਟੀ ਦਾ ਚੇਅਰਮੈਨ, ਕਬੱਡੀ ਖਿਡਾਰੀ ਹਰਪ੍ਰੀਤ ਸਿੰਘ ਹੈਪੀ ਨੂੰ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਗੁਰਜਿੰਦਰ ਸਿੰਘ ਬਿੱਟੂ ਮਾਣੂੰਕੇ, ਮੀਤ ਪ੍ਰਧਾਨ ਦਲਵੀਰ ਸਿੰਘ ਰੈਂਕੂ, ਸੈਕਟਰੀ ਇੰਦਰਜੀਤ ਸਿੰਘ ਸੰਧੂ ਅਤੇ ਖ਼ਜਾਨਚੀ ਰਾਜਵਿੰਦਰ ਸਿੰਘ ਰਾਜਾ ਤੋਂ ਇਲਾਵਾ ਸਤਨਾਮ ਸਿੰਘ ਸੱਤੀ, ਕੁਲਦੀਪ ਸਿੰਘ ਦਿਓਲ, ਅਮਨਦੀਪ ਸਿੰਘ ਵਿੱਕੀ, ਇੰਦਰਜੀਤ ਸਿੰਘ ਖਾਲਸਾ, ਬੂਟਾ ਸਿੰਘ ਸੰਧੂ, ਬਸੰਤ ਸਿੰਘ, ਜਗਵੀਰ ਸਿੰਘ ਪੰਨੂ, ਪ੍ਰਿਤਪਾਲ ਸਿੰਘ, ਹਰਕਰਮਜੋਤ ਸਿੰਘ, ਜਗਰੂਪ ਸਿੰਘ, ਹਰਦੇਵ ਸਿੰਘ, ਜਗਤਾਰ ਸਿੰਘ ਤਾਰੀ, ਸਾਧੂ ਸਿੰਘ (ਤਿੰਨੇ ਪੰਚ), ਭਿੰਦਰਜੀਤ ਸਿੰਘ, ਚਰਨਜੀਤ ਕੌਰ, ਅਮਰਜੀਤ ਕੌਰ, ਬੀਬੀ ਕੁਲਦੀਪ ਕੌਰ ਭੱਠਲ, ਆਜ਼ਾਦਵੀਰ ਸਿੰਘ, ਜਤਿੰਦਰਪਾਲ ਸਿੰਘ, ਕੋਮਲਪ੍ਰੀਤ ਸਿੰਘ ਕੋਮਲ, ਧਰਮਪਾਲ ਸਿੰਘ, ਦਲੀਪ ਦਾਸ ਮਹੰਤ, ਸੁਰਜੀਤ ਸਿੰਘ ਮੀਤੀ, ਅੰਗਰੇਜ਼ ਸਿੰਘ ਦੌਧਰੀਆ, ਦਲਜੀਤ ਸਿੰਘ ਟੱਲੀਕੇ ਅਤੇ ਕਰਮਜੀਤ ਸਿੰਘ ਯੂ.ਪੀ. ਆਦਿ ਮੈਂਬਰ ਚੁਣੇ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

ਨਵੇਂ ਚੁਣੇ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਨੇ ਕਿਹਾ ਕਿ ਜੋ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਪ੍ਰਸਿੱਧ ਅਸਥਾਨ ਬਾਬਾ ਕਾਲਾ ਮਹਿਰ ਜੀ ਦੇ ਅਸਥਾਨ ਦੀ ਸੇਵਾ ਸੌਂਪੀ ਗਈ ਹੈ, ਉਸ ਨੂੰ ਉਹ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸੀਨੀਅਰ ਵਾਈਸ ਪ੍ਰਧਾਨ ਗੁਰਜਿੰਦਰ ਸਿੰਘ ਬਿੱਟੂ ਮਾਣੂੰਕੇ ਨੇ ਕਿਹਾ ਕਿ ਪ੍ਰਬੰਧਕੀ ਕਮੇਟੀ ਦੀ ਚੋਣ ਬਿਨ੍ਹਾਂ ਮਤਭੇਦ ਦੇ ਸਰਬਸੰਮਤੀ ਨਾਲ ਕੀਤੀ ਗਈ ਹੈ। ਤੇ ਪ੍ਰਬੰਧਕੀ ਕਮੇਟੀ ਬਾਬਾ ਕਾਲਾ ਮਹਿਰ ਜੀ ਦੇ ਸਥਾਨ ਦੀਆਂ ਸੇਵਾਵਾਂ ਨੂੰ ਅੱਛੇ ਤਰੀਕੇ ਨਾਲ ਕਰੇਗੀ, ਇਸ ਮੌਕੇ ਜਿੱਥੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ ਵੱਲੋਂ ਨਵੇਂ ਚੁਣੇ ਪ੍ਰਧਾਨ ਕਬੱਡੀ ਖਿਡਾਰੀ ਰਹੇ ਹਰਪ੍ਰੀਤ ਸਿੰਘ ਹੈਪੀ ਨੂੰ ਸਿਰੋਪਾਓ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਉੱਥੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ ਅਤੇ ਗ੍ਰਾਮ ਪੰਚਾਇਤ ਮਾਣੂੰਕੇ ਦੇ ਨਾਲ ਨਾਲ ਨਵੇਂ ਚੁਣੇ ਗਏ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

## ਆਪਰੇਸ਼ਨ ਸ਼ੀਲਡ ਦੇ ਤਹਿਤ ਪਠਾਨਕੋਟ ਦੇ

# ਰੇਲਵੇ ਸਟੇਸ਼ਨ ਤੇ ਕੀਤੀ ਗਈ ਹੋਈ ਮੌਕ ਡਰਿੱਲ

ਪਠਾਨਕੋਟ ,31 ਮਈ (ਆਵਾਜ਼ਿ ਕੌਮ ਬਿਊਰੋ)-ਆਪਰੇਸ਼ਨ ਸ਼ੀਲਡ ਦੇ ਤਹਿਤ ਪਠਾਨਕੋਟ ਵਿਖੇ ਸਥਿਤ ਰੇਲਵੇ ਸਟੇਸ਼ਨ ਤੇ ਮੌਕ ਡਰਿਲ ਆਯੋਜਿਤ ਕੀਤੀ ਗਈ ਜਿਸ ਦੌਰਾਨ ਕਿਸੇ ਵੀ ਤਰ੍ਹਾਂ ਦੀ ਯੁੱਧ ਦੀ ਸਥਿਤੀ ਵਿੱਚ ਨਜਿਠਣ ਦੇ ਲਈ ਕੀਤੇ ਜਾਣ ਵਾਲੇ ਕਾਰਜਾਂ ਦਾ ਅਭਿਆਸ ਕੀਤਾ ਗਿਆ, ਇਸ ਮੌਕੇ ਤੇ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਪ੍ਰਭਾਵਿਤ ਲੋਕਾਂ ਦੀ ਦੇਖਭਾਲ ਦੇ ਲਈ ਅਭਿਆਸ ਪ੍ਰਕਿਰਿਆਵਾਂ ਦੋਹਰਾਈਆਂ ਗਈਆਂ ।

ਇਸ ਮੌਕ ਡਰਿੱਲ ਦੌਰਾਨ ਸ੍ਰੀ ਅਰਸ਼ਦੀਪ ਸਿੰਘ ਐਸਡੀਐਮ ਪਠਾਣਕੋਟ ਦੀ ਪ੍ਰਧਾਨਗੀ ਵਿੱਚ ਨਿਰਧਾਰਿਤ ਕੀਤੀਆਂ ਸਾਰੀਆਂ ਟੀਮਾਂ ਇਕੱਠੀਆਂ ਹੋਈਆਂ ਇਸ ਮੌਕ ਡਰਿਲ ਵਿੱਚ ਪੁਲਿਸ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਰਹੇ,

ਠੀਕ 6 ਵਜੇ ਹਮਲੇ ਦੇ ਖਤਰੇ ਦਾ ਸਾਇਰਨ ਵੱਜਿਆ ਅਤੇ ਉਸ ਤੋਂ ਬਾਅਦ ਇਹ ਅਭਿਆਸ ਕੀਤਾ ਗਿਆ। ਜਿਸ ਵਿੱਚ ਪਹਿਲੇ ਅਭਿਆਸ ਵਿੱਚ ਦਿਖਾਇਆ ਗਿਆ ਕਿ ਹਮਲੇ ਤੋਂ ਬਾਅਦ ਕਿਸ ਪ੍ਰਕਾਰ ਦੀ ਸਥਿਤੀ ਪੈਦਾ ਹੁੰਦੀ ਹੈ ਅਤੇ ਹਮਲੇ ਦੌਰਾਨ ਕੁਝ ਲੋਕ ਸੁਰੱਖਿਤ ਥਾਵਾਂ ਤੇ ਚਲੇ ਗਏ ਉਹ ਬਚ ਗਏ ਅਤੇ ਜਿਨਾਂ ਨੇ ਸੁਰੱਖਿਆ ਉਪਾਅ ਦੀ ਪਾਲਣਾ ਨਹੀਂ ਕੀਤੀ ਉਹ ਪ੍ਰਭਾਵਿਤ ਹੋਏ । ਉਸ ਤੋਂ ਬਾਅਦ ਇਸ ਤਰ੍ਹਾਂ ਪ੍ਰਭਾਵਿਤ ਹੋਏ ਲੋਕਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਭੇਜਣ ਦਾ ਅਭਿਆਸ ਕੀਤਾ ਗਿਆ ਅਤੇ ਨਾਲ ਦੀ ਨਾਲ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਵੀ ਫਾਇਰ ਬ੍ਰਿਗੇਡ ਦੀ ਮਦਦ ਨਾਲ ਮੌਕੇ ਤੇ ਰੋਕਣ ਦਾ ਅਭਿਆਸ ਕੀਤਾ ਗਿਆ। ਇਸ ਤੋਂ ਬਿਨਾਂ ਇਸ ਮੌਕੇ ਅਭਿਆਸ ਰਾਹੀਂ ਲੋਕਾਂ ਨੂੰ ਸਮਝਾਇਆ ਗਿਆ ਕਿ ਹਵਾਈ ਹਮਲੇ ਸਮੇਂ ਉਹਨਾਂ ਨੇ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਹਨ।

ਐਸਡੀਐਮ ਅਰਸ਼ਦੀਪ ਸਿੰਘ ਨੇ ਕਿਹਾ ਕਿ ਇਹ ਇੱਕ ਅਭਿਆਸ ਸੀ ਅਤੇ ਇਸ ਦਾ ਉਦੇਸ਼ ਕਿਸੇ ਵੀ ਖਤਰੇ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੈ। ਉਹਨਾਂ ਨੇ ਕਿਹਾ ਕਿ ਇਸ ਕਾਰਜ ਵਿੱਚ ਲੋਕਾਂ ਦੀ ਭਾਗੀਦਾਰੀ ਬਹੁਤ ਮਹੱਤਵਪੂਰਨ ਹੁੰਦੀ ਹੈ ਅਤੇ ਹਰੇਕ ਨਾਗਰਿਕ ਨੂੰ ਇਹਨਾਂ ਮੁਢਲੇ ਸਿਧਾਂਤਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਉਹਨਾਂ ਨੇ ਕਿਹਾ ਕਿ ਜੇਕਰ ਹਵਾਈ ਹਮਲੇ ਦਾ ਖਤਰੇ ਦਾ ਸਾਇਰਨ ਵੱਜੇ ਤਾਂ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਕਿਸੇ ਇਮਾਰਤ ਵਿੱਚ ਸੁਰੱਖਿਤ ਕਰੋ। ਜੇਕਰ ਨੇੜੇ ਇਮਾਰਤ ਨਾ ਹੋਵੇ ਤਾਂ ਦਰਖਤ ਹੇਠ ਸ਼ਰਨ ਲਵੋ। ਇਮਾਰਤ ਦੇ ਅੰਦਰ ਵੀ ਖਿੜਕੀਆਂ ਦੇ ਨੇੜੇ ਖੜੇ ਨਾ ਹੋਵੋ ਅਤੇ ਕਿਸੇ ਕੋਨੇ ਵਿੱਚ ਸ਼ਰਨ ਲਵੋ। ਜੇਕਰ ਰਾਤ ਦਾ ਸਮਾਂ ਹੋਵੇ ਤਾਂ ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243